ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਸੋਮਵਾਰ, 19 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੭ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜਥੇਦਾਰ ਜਸਵੀਰ ਸਿੰਘ ਖਾਲਸਾ ਅੱਜ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਨਗੇ

ਭੀਖੀ (ਰਣਜੀਤ ਸਿੰਘ ਪੇਧਨੀ) ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਜਨਮ ਦਿਹਾੜੇ ਨੂੰ ਸਮਰਪਿਤ



ਸਲਾਨਾ ਗੁਰਮਤਿ ਸਮਾਗਮ 19 ਫਰਵਰੀ ਨੂੰ ਸਰਧਾ ਤੇ ਭਾਵਨਾ ਨਾਲ ਖਾਲਸਾ ਫਾਰਮ ਤੇ ਮਨਾਇਆ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਥਕ ਸ਼ਖਸੀਅਤ ਸੰਤ ਬਾਬਾ ਹਰਜਿੰਦਰ ਸਿੰਘ ਭੀਖੀ ਵਾਲਿਆਂ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਮਹਾਨ ਗੁਰਿਮਤ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜਥੇਦਾਰ ਜਸਵੀਰ ਸਿੰਘ ਖਾਲਸਾ ਵਿਸੇਸ ਤੌਰ 'ਤੇ ਹਾਜਰੀ ਭਰਨਗੇ ਉਥੇ ਨਾਲ ਹੀ ਪੰਥ ਦੇ ਰਾਗੀ, ਢਾਡੀ,ਸੰਤ ਮਹਾਪੁਰਸ ਵੱਡੀ ਗਿਣਤੀ ਵਿੱਚ ਪਹੁੰਚ ਕੇ ਆਈਆ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਆਪਣੀਆਂ ਕਥਾਂ ਵਿਚਾਰਾਂ ਰਾਹੀਂ ਜੋੜਨਾ ਕਰਨਗੇ। ਜਿਸ ਵਿੱਚ ਇਲਾਕਾ ਨਿਵਾਸੀਆਂ ਤੋਂ ਇਲਾਵਾ ਦੇਸਾਂਵਿਦੇਸਾਂ ਤੋਂ ਸੰਗਤਾਂ ਵੱਡੀ ਗਿਣਤੀ 'ਚ ਹਾਜਰੀ ਭਰਨਗੀਆਂ।

## 2 ਪੁਲਿਸ ਮੁਲਾਜ਼ਮ ਜ਼ਖਮੀ

# ਗੈਂਗਸਟਰ ਕਾਲਾ ਧਨੌਲਾ ਦਾ ਕੀਤਾ ਐਨਕਾਊਂਟਰ

**ਬਰਨਾਲਾ, 18 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਬਰਨਾਲਾ 'ਚ ਬਦਨਾਮ ਗੈਂਗਸਟਰ ਕਾਲਾ ਧਨੌਲਾ ਦਾ ਪੁਲਿਸ ਨੇ ਐਨਕਾਊਂਟਰ ਕੀਤਾ ਹੈ। ਇਸ ਵਿੱਚ ਉਸਦੀ ਮੌਤ ਹੋ ਗਈ। ਇਹ ਮੁਕਾਬਲਾ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਵੱਲੋਂ ਕੀਤਾ ਗਿਆ ਸੀ। ਗੁਰਮੀਤ ਸਿੰਘ ਮਾਨ ਉਰਫ਼ ਕਾਲਾ ਧਨੌਲਾ ਇੱਕ ਬਦਨਾਮ ਹਿਸਟਰੀਸ਼ੀਟਰ ਸੀ, ਜੋ ਇੱਕ ਕਾਂਗਰਸੀ ਆਗੂ 'ਤੇ ਹਮਲੇ ਤੋਂ ਇਲਾਵਾ 40 ਤੋਂ ਵੱਧ ਗੰਭੀਰ ਮਾਮਲਿਆਂ ਵਿੱਚ ਲੋੜੀਂਦਾ ਸੀ। ਪੰਜਾਬ ਪੁਲਿਸ ਦੀ ਗੈਂਗਸਟਰ ਟਾਸਕ ਫੋਰਸ ਨੇ ਉਸ ਵੇਲੇ ਉਸ ਦਾ ਮੁਕਾਬਲਾ ਕੀਤਾ ਜਦੋਂ ਉਹ ਬਰਨਾਲਾ ਤੋਂ ਸੰਗਰੂਰ ਵੱਲ ਜਾ ਰਿਹਾ ਸੀ।





ਜਦੋਂ ਪੁਲਿਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗੋਲੀਆਂ ਚਲਾ ਦਿੱਤੀਆਂ। ਕਾਲਾ ਧਨੌਲਾ ਏ-ਕੈਟਾਗਰੀ ਦਾ ਗੈਂਗਸਟਰ ਸੀ। ਗੈਂਗਸਟਰ ਦਾ ਪੂਰਾ ਨਾਂ ਗੁਰਮੀਤ ਸਿੰਘ ਮਾਨ ਉਰਫ ਕਾਲਾ ਧਨੌਲਾ ਹੈ। ਜਾਣਕਾਰੀ ਅਨੁਸਾਰ ਏ.ਜੀ.ਟੀ.ਐਫ ਦੀ ਟੀਮ ਧਨੌਲਾ ਨੂੰ ਫੜਨ ਲਈ ਕਈ ਦਿਨਾਂ ਤੋਂ ਜਾਲ ਵਿਛਾ ਰਹੀ ਸੀ ਪਰ ਹਰ ਵਾਰ ਉਹ ਚਕਮਾ ਦੇ ਕੇ ਭੱਜ ਜਾਂਦਾ ਸੀ। ਟੀਮ ਨੂੰ ਐਤਵਾਰ ਸਵੇਰੇ ਸੂਚਨਾ ਮਿਲੀ ਕਿ ਗੈਂਗਸਟਰ ਕਾਲਾ ਬਰਨਾਲਾ ਦੇ ਦਿਹਾਤੀ ਖੇਤਰ 'ਚ ਹੈ। ਸੂਚਨਾ ਦੇ ਆਧਾਰ 'ਤੇ ਸਿਵਲ ਵਰਦੀ 'ਚ ਅਧਿਕਾਰੀ ਪਹਿਲਾਂ ਹੀ ਤਾਇਨਾਤ ਸਨ। ਟੀਮ ਨੇ ਜਦੋਂ ਗੈਂਗਸਟਰ ਨੂੰ ਦੇਖਿਆ ਤਾਂ ਉਸ ਨੂੰ ਰੁਕਣ ਲਈ ਕਿਹਾ ਪਰ ਧਨੌਲਾ ਨੇ ਸਾਹਮਣੇ ਤੋਂ ਗੋਲੀ ਚਲਾਈ। ਇਸ ਤੋਂ ਬਾਅਦ ਟੀਮ ਨੇ ਜਵਾਬੀ ਕਾਰਵਾਈ ਕੀਤੀ। ਇਸ 'ਚ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਵਾਰਦਾਤ ਵਾਲੀ ਥਾਂ ਤੋਂ ਮੁਲਜ਼ਮਾਂ ਦਾ ਹਥਿਆਰ ਬਰਾਮਦ ਕਰ ਲਿਆ ਹੈ। ਸਾਰੀ ਘਟਨਾ ਬਾਰੇ ਜ਼ਿਲ੍ਹਾ ਪੁਲੀਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਪੰਜਾਬ ਪੁਲੀਸ ਦੇ ਰਿਕਾਰਡ ਅਨੁਸਾਰ ਗੈਂਗਸਟਰ ਕਾਲਾ ਧਨੌਲਾ ਖ਼ਿਲਾਫ਼ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਕਤਲ, ਕਤਲ ਦੀ ਕੋਸ਼ਿਸ਼, ਫਿਰੌਤੀ ਮੰਗਣ, ਅਗਵਾ, ਹਥਿਆਰਾਂ ਦੀ ਤਸਕਰੀ ਆਦਿ ਸਮੇਤ ਵੱਖ-ਵੱਖ ਧਾਰਾਵਾਂ ਤਹਿਤ 40 ਤੋਂ ਵੱਧ ਕੇਸ ਦਰਜ ਹਨ। ਕਾਲਾ ਧਨੌਲਾ ਨਗਰ ਕੌਂਸਲ ਧਨੌਲਾ ਦੇ ਉਪ ਪ੍ਰਧਾਨ ਵੀ ਰਹਿ ਚੁੱਕੇ ਹਨ। ਕਾਲਾ ਧਨੌਲਾ ਦੀ ਮਾਤਾ ਨਗਰ ਕੌਂਸਲ ਦੀ ਪ੍ਰਧਾਨ ਰਹਿ ਚੁੱਕੀ ਹੈ। ਇਸ ਦੌਰਾਨ ਕਾਲਾ ਦੇ ਅਪਰਾਧੀ ਬਣ ਜਾਣ 'ਤੇ ਕੌਂਸਲਰਾਂ ਨੇ ਬੇਭਰੋਸਗੀ ਮਤਾ ਪਾ ਕੇ ਦੋਵਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ। ਆਪਣੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਕਾਲਾ ਨੇ ਕਈ ਕੌਂਸਲਰਾਂ 'ਤੇ ਹਮਲੇ ਵੀ ਕੀਤੇ ਸਨ।

## ਬੈਰਕ ਚੋਂ ਕੈਮਰੇ ਮਿਲਣ ਤੋਂ ਬਾਅਦ ਭੜਕਿਆ ਅੰਮ੍ਰਿਤਪਾਲ ! ਸਾਥੀਆਂ ਸਮੇਤ ਸ਼ੁਰੂ ਕੀਤੀ ਭੁੱਖ ਹੜਤਾਲ

**ਡਿਬਰੂਗੜ੍ਹ, 18 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ NSA ਤਹਿਤ ਬੰਦ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ ਜਿਸ ਦਾ ਕਾਰਨ ਉਨ੍ਹਾਂ ਵੱਲੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਬੈਰਕ ਤੇ ਪਖਾਨਿਆਂ ਵਿੱਚ ਲਾਏ ਗਏ ਕੈਮਰੇ ਦੱਸਿਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਅੰਮ੍ਰਿਤਪਾਲ ਸਿੰਘ ਦੀ ਮਾਂ ਬਲਵਿੰਦਰ ਕੌਰ ਨੇ ਸਾਂਝੀ ਕੀਤੀ ਹੈ। ਬਲਵਿੰਦਰ ਕੌਰ ਨੇ ਦੱਸਿਆ ਕਿ ਬੀਤੇ ਦਿਨੀਂ ਜੇਲ੍ਹ ਪ੍ਰਸ਼ਾਸਨ ਦੇ ਕੁਝ ਲੋਕ ਇਲੈਕਟ੍ਰਿਸ਼ਨ ਦੇ ਨਾਲ ਅੰਮ੍ਰਿਤਪਾਲ ਸਿੰਘ ਦੀ ਬੈਰਕ ਵਿੱਚ ਆਏ ਸੀ ਜਦੋਂ ਉਨ੍ਹਾਂ ਵੱਲੋਂ ਜਾਂਚ ਕੀਤੀ ਗਈ ਤਾਂ ਬੈਰਕ ਵਿੱਚੋਂ ਕੁਝ ਸਪਾਈ ਕੈਮਰੇ ਮਿਲੇ ਜਿਸ ਨੂੰ ਉਨ੍ਹਾਂ ਵੱਲੋਂ ਜ਼ਬਤ ਕਰ ਲਿਆ ਗਿਆ ਹੈ। ਉੱਥੇ ਇਸ ਬਾਬਤ ਅਸਮ ਦੇ ਡੀਜੀਪੀ ਜੇਪੀ ਸਿੰਘ ਨੇ NSA ਬੈਰਕ ਵਿੱਚ ਲਾਏ ਗਏ ਜਾਸੂਸੀ ਕੈਮਰਿਆਂ ਬਾਰੇ ਸਪੱਸ਼ਟੀਕਰਨ ਵੀ ਦਿੱਤਾ ਹੈ। DGP ਨੇ ਦੱਸਿਆ ਕਿ ਐਨਐਸਏ ਸੈੱਲ ਵਿੱਚ ਕੁਝ ਅਣਅਧਿਕਾਰਤ ਗਤੀਵਿਧੀਆਂ ਦੇ ਹੋਰ ਬਾਰੇ ਜਾਣਕਾਰੀ ਮਿਲੀ ਸੀ ਜਿਸ ਤੋਂ ਬਾਅਦ ਇਹ ਕੈਮਰੇ ਲਾਏ ਗਏ ਸਨ। ਇਸ ਬਾਰੇ ਪੰਜਾਬ ਦੇ ਡੀਜੀਪੀ ਨੇ ਕਿਹਾ ਕਿ NSA ਸੈਲ ਵਿੱਚ ਤਲਾਸ਼ੀ ਦੌਰਾਨ



ਸਿਮ ਦੇ ਨਾਲ ਸਮਾਰਟਫੋਨ, ਕੀ-ਪੈਡ ਫੋਨ, ਕੀ ਬੋਰਡ ਦੇ ਨਾਲ ਟੀਵੀ ਰਿਮੋਟ, ਪੈਨ ਡਰਾਇਵ, ਬਲੂਟੁੱਥ ਹੈਡਫੋਨ ਤੇ ਸਪੀਕਰ ਬਰਾਮਦ ਹੋਇਆ ਹੈ। ਇਸ ਦੇ ਨਾਲ ਹੀ ਸਮਾਰਟ ਵਾਚ ਤੇ ਜਾਸੂਸੀ ਕੈਮਰੇ ਵੀ ਮਿਲੇ ਹਨ। ਬਲਵਿੰਦਰ ਕੌਰ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੇ ਸੀਸੀਟੀਵੀ ਕੈਮਰੇ ਲਾਹ ਕੇ ਆਪਣੇ ਕੋਲ ਰੱਖ ਲਏ ਹਨ ਜਿਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਅੰਮ੍ਰਿਤਪਾਲ ਸਿੰਘ ਨੇ ਉਸ ਦੇ ਸਾਥੀਆਂ ਨੇ ਜਾਨ ਦਾ ਖ਼ਤਰਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੇਸ਼ ਦੀ ਕਿਸੇ ਹੋਰ ਜੇਲ੍ਹ ਵਿੱਚ ਭੇਜਿਆ ਜਾਵੇ।

## ਕਿਸਾਨ ਅੰਦੋਲਨ ਦੇ ਚੱਲਦੇ ਅੱਧੇ ਪੰਜਾਬ ਵਿਚ ਇੰਟਰਨੈੱਟ ਸੇਵਾਵਾਂ ਬੰਦ

**ਪਟਿਆਲਾ, 18 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨੀ ਅੰਦੋਲਨ ਦੇ ਚੱਲਦੇ ਪੰਜਾਬ ਦੇ ਕੁੱਝ ਇਲਾਕਿਆਂ ਵਿਚ ਬੰਦ ਕੀਤੀਆਂ ਗਈਆਂ ਇੰਟਰਨੈੱਟ ਸੇਵਾਵਾਂ ਦੀ ਮਿਆਦ ਵਧਾ ਦਿੱਤੀ ਗਈ ਹੈ। ਇੰਟਰਨੈੱਟ ਸੇਵਾ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ ਬੰਦ ਕੀਤੀ ਗਈ ਹੈ। ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ ਹਰਿਆਣਾ ਬਾਰਡਰ ਨਾਲ ਲੱਗਦੇ ਪੰਜਾਬ ਦੇ ਜ਼ਿਲ੍ਹਿਆਂ ਦੇ ਕੁੱਝ ਇਲਾਕਿਆਂ ਵਿਚ 17 ਫਰਵਰੀ ਤੱਕ ਇੰਟਰਨੈੱਟ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਗਈ ਸੀ, ਹੁਣ ਇਹ ਰੋਕ ਹੋਰ ਵਧਾ ਦਿੱਤੀ ਗਈ ਹੈ। ਕੇਂਦਰ ਸਰਕਾਰ ਦੇ ਹੁਕਮਾਂ ਮੁਤਾਬਕ ਪੰਜਾਬ ਦੇ ਸੱਤ ਜ਼ਿਲ੍ਹਿਆਂ ਦੇ ਕੁੱਝ ਇਲਾਕਿਆਂ ਵਿਚ 24 ਫਰਵਰੀ ਤੱਕ ਇੰਟਰਨੈੱਟ ਸੇਵਾਵਾਂ ਬੰਦ ਰਹਿਣਗੀਆਂ। ਹੁਕਮਾਂ ਵਿਚ ਪਟਿਆਲਾ ਦਾ ਸ਼ੰਭੂ, ਜੁਲਕਾ, ਪਾਸੀਆਂ, ਪਾਤੜਾਂ, ਘਨੌਰ, ਦੇਵੀਗੜ੍ਹ, ਮੋਹਾਲੀ ਦਾ ਲਾਲੜੂ, ਬਠਿੰਡਾ ਦਾ ਸੰਗਤ, ਮਾਨਸਾ ਦਾ ਸਰਦੂਲਗੜ੍ਹ, ਬੋਹਾ, ਫਤਿਹਗੜ੍ਹ ਸਾਹਿਬ, ਸੰਗਰੂਰ ਦਾ ਖਨੌਰੀ, ਮੂਨਕ, ਲਹਿਰਾ, ਸੁਨਾਮ, ਛਾਂਜਲੀ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਕਿਲਿਆਂਵਾਲੀ ਇਲਾਕੇ ਵਿਚ ਇੰਟਰਨੈੱਟ ਸੇਵਾਵਾਂ ਪ੍ਰਭਾਵਤ ਹੋਣਗੀਆਂ।

## ਉੱਤਰ ਪ੍ਰਦੇਸ਼ ਤੇ ਉੱਤਰਾਖੰਡ 'ਚ ਵੀ ਫੈਲਿਆ ਕਿਸਾਨ ਅੰਦੋਲਨ, ਟਿਕੈਤ ਨੇ ਕਰ ਦਿੱਤਾ ਵੱਡਾ ਐਲਾਨ

**ਚੰਡੀਗੜ੍ਹ, 18 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਅੰਦੋਲਨ ਦਾ ਸੇਕ ਹੁਣ ਪੰਜਾਬ ਤੇ ਹਰਿਆਣਾ ਤੋਂ ਬਾਅਦ ਹੁਣ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿੱਚ ਪਹੁੰਚ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਆਗੂ ਰਾਕੇਸ਼ ਟਿਕੈਤ ਵੀ ਕਿਸਾਨ ਅੰਦੋਲਨ ਵਿੱਚ ਕੁੱਦ ਪਏ ਹੈ। ਰਾਕੇਸ਼ ਟਿਕੈਤ ਨੇ ਐਲਾਨ ਕੀਤਾ ਹੈ ਕਿ ਕਿਸਾਨ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਣੇ ਹੋਰ ਮੰਗਾਂ ਮੰਨਵਾਉਣ ਲਈ 21 ਫਰਵਰੀ ਨੂੰ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਤੇ ਉੱਤਰਾਖੰਡ ਵਿੱਚ ਧਰਨੇ ਦੇਣਗੇ। ਸਿਸੌਲੀ ਦੀ ਮਹਾਂ ਪੰਚਾਇਤ ਵਿੱਚ ਸ਼ਿਰਕਤ ਕਰਨ ਮਗਰੋਂ ਟਿਕੈਤ ਨੇ ਕਿਹਾ ਕਿ ਮੀਟਿੰਗ ਦੌਰਾਨ ਇੱਕ ਮਤਾ ਪਾਸ ਕੀਤਾ ਗਿਆ ਹੈ ਕਿ ਜੇਕਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਸੰਯੁਕਤ ਕਿਸਾਨ ਮੋਰਚਾ (ਐਸਕੇਐਮ) ਦੀ ਅਗਵਾਈ ਹੇਠ ਫਰਵਰੀ ਦੇ ਆਖਰੀ ਹਫ਼ਤੇ ਦਿੱਲੀ ਤੱਕ ਟਰੈਕਟਰ ਮਾਰਚ ਕੱਢਿਆ ਜਾਵੇਗਾ। ਕੇਂਦਰ 'ਤੇ ਆਪਣੀਆਂ ਮੰਗਾਂ ਮਨਵਾਉਣ ਵਾਸਤੇ ਦਬਾਅ ਬਣਾਉਣ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ 'ਦਿੱਲੀ ਚੱਲੋ' ਮਾਰਚ ਦੇ ਸੱਦੇ ਤਹਿਤ ਇਹ ਪੰਚਾਇਤ ਸੱਦੀ ਗਈ ਸੀ। ਦੱਸ ਦਈਏ ਕਿ ਕਿਸਾਨ ਅੰਦੋਲਨ ਨੂੰ ਅੱਜ ਵੱਡਾ ਹੁਲਾਰਾ ਮਿਲ ਸਕਦਾ ਹੈ। ਸੰਯੁਕਤ ਕਿਸਾਨ ਮੋਰਚਾ ਅਧੀਨ 37 ਕਿਸਾਨ ਜਥੇਬੰਦੀਆਂ ਅੱਜ ਵੱਡਾ ਐਲਾਨ ਕਰਨਗੀਆਂ। ਸੰਯੁਕਤ ਕਿਸਾਨ ਮੋਰਚਾ ਨੇ ਇਸ ਸਬੰਧੀ ਅੱਜ ਅਹਿਮ ਮੀਟਿੰਗ ਬੁਲਾਈ ਹੈ। ਇਸ ਮੀਟਿੰਗ ਵਿੱਚ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਏਗਾ। ਹਾਸਲ ਜਾਣਕਾਰੀ ਮੁਤਾਬਕ ਅੱਜ ਕਿਸਾਨ ਅੰਦੋਲਨ ਨੂੰ ਹੁਲਾਰਾ ਦੇਣ ਤੇ ਅਗਲੀ ਰਣਨੀਤੀ ਬਣਾਉਣ ਲਈ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਸੰਯੁਕਤ ਕਿਸਾਨ ਮੋਰਚਾ (ਐਸਕੇਐਮ) ਦੀ ਮੀਟਿੰਗ ਕੀਤੀ ਜਾ ਰਹੀ ਹੈ। ਮੀਟਿੰਗ ਲਈ ਕੁੱਲ 37 ਜਥੇਬੰਦੀਆਂ ਦੇ ਲੀਡਰ ਪਹੁੰਚ ਰਹੇ ਹਨ।

ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਵਾਪਸ ਆਵੇਗਾ ਸਿੱਖ ਰਾਜ, ਕਿਸਾਨੀ ਅੰਦੋਲਨ 'ਚ ਖਾਲਿਸਤਾਨੀ ਨਾਅਰਿਆਂ 'ਤੇ ਸਿੱਧੂ ਦਾ ਪੱਖ

**ਚੰਡੀਗੜ੍ਹ, 18 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨਾਂ ਵੱਲੋਂ ਆਪਣੀਆਂ



ਮੰਗਾਂ ਨੂੰ ਲੈ ਕੇ ਅੰਦੋਲਨ ਜਾਰੀ ਹੈ। ਇਸ ਦੌਰਾਨ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਸਾਨਾਂ ਦੀ ਆਮਦਨ ਅਤੇ ਉਨ੍ਹਾਂ ਦੇ ਅੰਦੋਲਨ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਘੇਰਿਆ ਹੈ। ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ, ਇਸ ਤੋਂ ਵੱਡਾ ਕੋਈ ਭੁਲੇਖਾ ਨਹੀਂ ਹੋ ਸਕਦਾ। ਉਨ੍ਹਾਂ ਨੇ ਵਧਦੀ ਮਹਿੰਗਾਈ ਬਾਰੇ ਵੀ ਚਿੰਤਾ ਪ੍ਰਗਟਾਈ। ਮਹਿੰਗਾਈ ਦੇ ਮੁੱਦੇ 'ਤੇ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਕਾਂਗਰਸੀ ਆਗੂ ਸਿੱਧੂ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਕਿਸਾਨਾਂ ਲਈ ਖੇਤੀ ਦੇ ਖਰਚੇ ਵਧੇ ਹਨ ਅਤੇ ਉਨ੍ਹਾਂ ਦੀ ਆਮਦਨ ਵੀ ਘਟੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਇਹ ਸਰਕਾਰ ਬਣੀ ਹੈ, ਸਰੋਂ ਦੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਗੱਲ ਤੋਂ ਵੱਡਾ ਕੋਈ ਭੁਲੇਖਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਉਹ ਤੱਥਾਂ ਅਤੇ ਅੰਕੜਿਆਂ ਨਾਲ ਇਸ ਦੀ ਪੁਸ਼ਟੀ ਕਰਨਾ ਚਾਹੁੰਦੇ ਹਨ। ਪਿਛਲੇ 10 ਸਾਲਾਂ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਖਾਣ ਵਾਲੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਸਿੱਧੂ ਨੇ ਅੱਗੇ ਕਿਹਾ ਕਿ ਗਰੀਬਾਂ ਅਤੇ ਮਜ਼ਦੂਰਾਂ ਲਈ ਹਰ ਚੀਜ਼ ਦੀਆਂ ਕੀਮਤਾਂ ਵਧ ਰਹੀਆਂ ਹਨ। ਉਸ ਲਈ ਲੋੜੀਂਦੀਆਂ ਚੀਜ਼ਾਂ ਖਰੀਦਣਾ ਵੀ ਮੁਸ਼ਕਲ ਹੁੰਦਾ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮਹਿੰਗਾਈ 'ਤੇ ਕਾਬੂ ਪਾਉਣ ਦੀ ਮੰਗ ਕੀਤੀ। ਇਸ ਮੌਕੇ ਕਿਸਾਨੀ ਅੰਦੋਲਨ ਵਿੱਚ ਖਾਲਿਸਤਾਨੀ ਨਾਅਰਿਆਂ ਬਾਰੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿੱਚ ਸਭ ਤੋਂ ਵੱਧ ਯੋਗਦਾਨ ਪੰਜਾਬੀਆਂ ਦਾ ਹੈ। ਸਭ ਤੋਂ ਵੱਧ ਪਰਮਵੀਰ ਚੱਕਰ ਪੰਜਾਬੀਆਂ ਨੇ ਲਏ ਹਨ। ਗਰੀਬਾਂ ਨੂੰ ਅਨਾਜ ਪੰਜਾਬ ਦੇ ਕਿਸਾਨਾਂ ਦਿੰਦੇ ਹਨ। ਸਿੱਧੂ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਸੂਬੇ ਨੂੰ ਤਾਂ ਪਹਿਲਾਂ ਹੀ 9 ਸੂਬਿਆਂ ਵਿੱਚ ਵੰਡਿਆ ਗਿਆ ਹੈ। ਸਿੱਖ ਲੰਗਰ ਵਰਤਾਉਂਦਾ ਹੈ ਤੇ ਹਮੇਸਾ ਹੀ ਸਰਬੱਤ ਦਾ ਭਲਾ ਮੰਗਦਾ ਹੈ। ਗੁਰੂ ਨਾਨਕ ਦੇ ਫਲਸਫੇ ਨਾਲ ਸਿੱਖ ਰਾਜ ਚਲਦਾ ਸੀ ਤੇ ਗੁਰੂ ਨਾਨਕ ਦੇ ਫਲਸਫੇ ਨਾਲ ਹੀ ਸਿੱਖ ਰਾਜ ਵਾਪਸ ਆਵੇਗਾ।




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਆਵਾਜ਼ਿ ਕੌਮ AWAZE QAUM International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net

# ਭਾਕਿਯੂ ਏਕਤਾ ਉਗਰਾਹਾਂ ਦੇ ਸੱਦੇ ’ਤੇ ਸ਼ੇਖਪੁਰਾ ਟੋਲ ਪਲਾਜਾ ਦੂਜੇ ਦਿਨ ਵੀ ਰਿਹਾ ਬੰਦ

ਤਲਵੰਡੀ ਸਾਬੋ, 18 ਫਰਵਰੀ (ਗੁਰਜੰਟ ਸਿੰਘ ਨਥੇਹਾ)– ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਕਮੇਟੀ ਦੇ ਸੱਦੇ ਤਹਿਤ ਸੇਖਪੁਰਾ ਟੋਲ ਪਲਾਜਾ ਅੱਜ ਦੂਸਰੇ ਦਿਨ ਵੀ ਟੋਲ ਫਰੀ ਰਿਹਾ। ਇਸ ਸਮੇਂ ਜਿਲਾ ਜਰਨਲ ਸਕੱਤਰ ਹਰਜਿੰਦਰ ਸਿੰਘ ਬੱਗੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ



ਭਾਜਪਾ ਦੇ ਆਗੂਆਂ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਸਿੰਘ ਢਿੱਲੋਂ ਦੇ ਘਰਾਂ ਅੱਗੇ ਧਰਨੇ ਅਤੇ ਟੋਲ ਪਲਾਜ਼ੇ ਫਰੀ ਕਰਨ ਦੇ ਸੱਦੇ ਤਹਿਤ ਅੱਜ ਜਿਲਾ ਬਠਿੰਡਾ ਵੱਲੋਂ ਬੱਲੂਆਣਾ, ਜੀਦਾ, ਲਹਿਰਾ ਬੇਗਾ ਅਤੇ ਸ਼ੇਖਪੁਰਾ ਟੋਲ ਪਲਾਜ਼ਾਆਿਂ ਤੇ ਧਰਨੇ ਦੇ ਕੇ ਉਥੋਂ ਲੰਘਣ ਵਾਲੇ ਵਾਹਨਾਂ ਨੂੰ ਟੋਲ ਮੁਕਤ ਕੀਤਾ ਗਿਆ। ਕਿਸਾਨੀ ਮੰਗਾਂ ਲਈ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਦਿੱਲੀ ਧਰਨਾ ਲਾਉਣ ਜਾ ਰਹੇ ਕਿਸਾਨਾਂ ਨੂੰ ਰੋਕ ਕੇ ਹੱਕਾਂ ਲਈ ਲੜਨ ਦਾ ਜਮਹੂਰੀ ਹੱਕ ਕੁਚਲਣ, ਉਹਨਾਂ ਤੇ ਅਥਰੂ ਗੈਸ ਸੁੱਟਣ ਅਤੇ ਗੋਲੀਆਂ ਮਾਰ ਕੇ ਜਬਰ ਕਰਨ ਵਿਰੁੱਧ ਅਤੇ ਕਿਸਾਨੀ ਮੰਗਾਂ ਦੀ ਹਮਾਇਤ ਵਿੱਚ ਅੱਜ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਨੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ 37 ਜਥੇਬੰਦੀਆਂ ਵੱਲੋਂ ਅੱਜ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਭਰ 22 ਫਰਵਰੀ ਤੱਕ ਟੋਲ ਪਲਾਜੇ ਫਰੀ ਕੀਤੇ ਜਾਣ ਗਏ ਤੇ ਭਾਜਪਾ ਦੇ ਲੀਡਰਾਂ ਦਾ ਘਿਰਾਓ ਕੀਤਾ ਜਾਵੇਗਾ, ਤੇ ਅਗਲਾ ਫੈਸਲਾ ਕੌਮੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਤੋਂ ਬਾਅਦ ਲਿਆ ਜਾਵੇਗਾ। ਇਸ ਸਮੇਂ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਹਕੂਮਤ ਦੇ ਹੁਕਮਾਂ ਤਹਿਤ ਹਰਿਆਣਾ ਦੀ ਖਟਰ ਹਕੂਮਤ ਵਾਲੀ ਭਾਜਪਾ ਸਰਕਾਰ ਵੱਲੋਂ 13 ਫਰਵਰੀ ਨੂੰ ਆਪਣੀਆਂ ਹੱਕੀ ਕਿਸਾਨੀ ਮੰਗਾਂ (ਜਿੰਨਾ ਵਿੱਚ ਕੁਝ ਮੰਗਾਂ ਦਿੱਲੀ ਮੋਰਚੇ ਦੀ ਸਮਾਪਤੀ ਵੇਲੇ ਕੇਂਦਰ ਦੀ ਹਕੂਮਤ ਨੇ ਲਿਖਤੀ ਤੌਰ ’ਤੇ ਵੀ ਮੰਨੀਆਂ ਹੋਈਆਂ ਹਨ।)ਲਈ ਦਿੱਲੀ ਧਰਨਾ ਲਾਉਣ ਜਾ ਰਹੇ ਕਿਸਾਨਾਂ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ ਤੇ ਹੱਲੇ ਵਾਂਗ ਦੁਸ਼ਮਣ ਸਮਝਦਿਆਂ ਹੋਇਆਂ ਰਸਤੇ ਵਿੱਚ ਵੱਡੇ ਵੱਡੇ ਕਿੱਲ ਗੱਡ ਦਿੱਤੇ ਗਏ, ਕੰਕਰੀਟ ਦੀਆਂ ਕੰਧਾਂ ਉਸਾਰੀਆਂ ਗਈਆਂ ਤੇ ਸੜਕਾਂ ਦੇ ਵੱਡੀਆਂ ਵੱਡੀਆਂ ਖਾਲੀਆਂ ਪੁੱਟ ਦਿੱਤੀਆਂ ਗਈਆਂ, ਡਰੋਨਾਂ ਰਾਹੀਂ ਅਥਰੂ ਗੈਸ ਸੁੱਟੇ ਗਏ ਅਤੇ ਸਿੱਧੀਆਂ ਗੋਲੀਆਂ ਚਲਾ ਕੇ ਅਨੇਕਾਂ ਕਿਸਾਨਾਂ ਨੂੰ ਜ਼ਖਮੀ ਕਰ ਦਿੱਤਾ ਜੋ ਅੱਜ ਤੱਕ ਜਾਰੀ ਹੈ। ਭਾਰਤੀ ਕਿਸਾਨ ਯੂਨੀਅਨ ਵੱਲੋਂ ਸਰਕਾਰ ਦੇ ਇਸ ਕਿਸਾਨ ਵਿਰੋਧੀ ਜਾਬਰ ਹੱਲੇ ਅਤੇ ਹਰਿਆਣਾ ਦੇ ਬਾਰਡਰਾਂ ਤੇ ਅੰਦੋਲਨਕਾਰੀ ਕਿਸਾਨਾਂ ਦੀਆਂ ਮੰਗਾਂ ਜੋ ਕਿ ਕੌਮੀਂ ਸੰਯੁਕਤ ਕਿਸਾਨ ਮੋਰਚੇ ਦੀਆਂ ਵੀ ਸਾਂਝੀਆਂ ਹਨ ਮਨਾਉਣ ਤੱਕ ਉਹਨਾਂ ਕਿਸਾਨ ਜਥੇਬੰਦੀਆਂ ਦੇ ਅੰਦੋਲਨ ਨਾਲ ਤਾਲਮੇਲ ਨਾਲ ਸੰਘਰਸ਼ ਜਾਰੀ ਰਹਿਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਉਹਨਾਂ ਕਿਹਾ ਕਿ ਸੰਘਰਸ਼ ਨੂੰ ਫੁੱਟ ਪਾਊ ਤਾਕਤਾਂ, ਧਾਰਮਿਕ ਫਿਰਕਾਪ੍ਰਸਤ ਤਾਕਤਾਂ ਤੋਂ ਦੂਰ ਰੱਖਿਆ ਜਾਵੇ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਾਮਰਾਜੀ ਸੰਸਾਰ ਵਪਾਰ ਸੰਸਥਾ ਵਿੱਚੋਂ ਭਾਰਤ ਨੂੰ ਬਾਹਰ ਕੱਢੋ, ਸਾਰੀਆਂ ਫਸਲਾਂ ਦੀ ਐਮ ਐਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ, ਕਿਸਾਨਾਂ ਮਜ਼ਦੂਰਾਂ ਨੂੰ ਬੁਢਾਪਾ ਪੈਨਸ਼ਨ, ਪੂਰੀ ਭਰਪਾਈ ਵਾਲੀ ਫ਼ਸਲੀ ਬੀਮਾ ਸਕੀਮ ਆਦਿ ਇਨ੍ਹਾਂ ਰੋਸ ਪ੍ਰਦਰਸ਼ਨਾਂ ਦੀਆਂ ਮੰਗਾਂ ਵਿੱਚ ਸ਼ਾਮਲ ਹਨ। ਇਸ ਸਮੇਂ ਜਸਵੀਰ ਸਿੰਘ ਬੁਰਜ ਸੇਮਾ, ਰਾਜਵਿੰਦਰ ਰਾਮਨਗਰ, ਰਣਜੋਧ ਸਿੰਘ ਮਾਹੀ ਨੰਗਲ, ਭੋਲਾ ਸਿੰਘ ਰਾਏ ਖਾਨਾ, ਜਸਵੀਰ ਸਿੰਘ ਲੇਲੇਵਾਲਾ, ਕਾਕੂ ਬਹਿਮਣ ਕੌਰ ਸਿੰਘ ਤੇ ਹੋਰ ਕਿਸਾਨ ਆਗੂ ਹਾਜ਼ਰ ਸਨ।







# ਦੁਕਾਨ ਚੋਂ ਲੱਖਾਂ ਦਾ ਸਮਾਨ ਚੋਰੀ,ਦੁਕਾਨਦਾਰਾਂ ਨੇ ਇਕੱਤਰ ਹੋ ਪੁਲਿਸ ਤੇ ਝਾੜਿਆ ਨਜ਼ਲਾ



ਤਲਵੰਡੀ ਸਾਬੋ, 18 ਫਰਵਰੀ (ਗੁਰਜੰਟ ਸਿੰਘ ਨਥੇਹਾ)– ਇਤਿਹਾਸਿਕ ਨਗਰ ਤਲਵੰਡੀ ਸਾਬੋ ’ਚ ਦੁਕਾਨਾਂ ਤੋਂ ਚੋਰੀਆਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀ ਲੈ ਰਿਹਾ ਜਿਸ ਕਾਰਣ ਦੁਕਾਨਦਾਰਾਂ ਅਤੇ ਵਪਾਰੀਆਂ ’ਚ ਸਹਿਮ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ।ਤਾਜ਼ਾ ਘਟਨਾ ’ਚ ਸਥਾਨਕ ਨਗਰ ਦੇ ਬੱਸ ਅੱਡੇ ਨਜ਼ਦੀਕ ਇੱਕ ਗਾਰਮੈਂਟਸ ਦੀ ਦੁਕਾਨ ’ਤੇ ਰਾਤ ਸਮੇਂ ਚੋਰਾਂ ਵੱਲੋਂ ਭਾਰੀ ਮਾਤਰਾ ’ਚ ਸਮਾਨ ਅਤੇ ਨਗਦੀ ਚੋਰੀ ਕਰ ਲਏ ਜਾਣ ਦੀ ਖਬਰ ਸਾਹਮਣੇ ਆਈ ਹੈ। ਉਕਤ ਦੁਕਾਨ ਵਿੱਚ ਕੁੱਝ ਦਿਨਾਂ ’ਚ ਹੀ ਦੂਜੀ ਵਾਰ ਚੋਰੀ ਹੋਣ ’ਤੇ ਦੁਕਾਨ ਮਾਲਕ ਅਤੇ ਹੋਰ ਦੁਕਾਨਦਾਰਾਂ ਨੇ ਇਕੱਤਰ ਹੋ ਪੁਲਸ ਪ੍ਰਸ਼ਾਸਨ ਖਿਲਾਫ ਰੋਸ ਜ਼ਾਹਿਰ ਕੀਤਾ।ਸ੍ਰੀ ਬਾਲਾ ਜੀ ਫੈਸ਼ਨ ਪੁਆਇੰਟ ਦੇ ਮਾਲਕ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਉਸ ਦੀ ਦੁਕਾਨ ਤੇ 15 ਦਿਨਾਂ ’ਚ ਦੂਜੀ ਵਾਰ ਚੋਰੀ ਹੋ ਗਈ ਹੈ ਪਰ ਪੁਲਸ ਪ੍ਰਸਾਸ਼ਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਦੁਕਾਨਦਾਰ ਮੁਤਾਬਿਕ ਜਦੋਂ ਪਹਿਲਾਂ ਚੋਰੀ ਹੋਈ ਤਾਂ ਸ਼ਿਕਾਇਤ ਸਥਾਨਕ ਥਾਣੇ ’ਚ ਅਤੇ 100 ਨੰਬਰ ’ਤੇ ਵੀ ਪੁਲਿਸ ਕੋਲ ਦਰਜ਼ ਕਰਵਾਉਣ ਦੇ ਬਾਵਜ਼ੂਦ ਚੋਰਾਂ ਨੂੰ ਲੱਭਣ ਲਈ ਕੋਈ ਠੋਸ ਕਾਰਵਾਈ ਨਹੀ ਹੋਈ ਅਤੇ ਹੁਣ ਫਿਰ ਬੀਤੀ ਰਾਤ ਦੁਕਾਨ ਦੇ ਪਿਛੋ ਚੋਰਾਂ ਨੇ ਪਾੜ ਲਗਾ ਕੇ ਚੋਰੀ ਕਰ ਲਈ ਹੈ। ਦੁਕਾਨਦਾਰ ਅਨੁਸਾਰ ਪਿਛਲੀ ਚੋਰੀ ਦੌਰਾਨ ਚੋਰ ਪੰਜਾਹ ਹਜ਼ਾਰ ਦਾ ਸਮਾਨ ਲੈ ਗਏ ਸਨ ਜਦੋਂਕਿ ਹੁਣ ਕਰੀਬ ਇੱਕ ਲੱਖ ਰੁਪਏ ਤੋਂ ਵੱਧ ਦੀ ਚੋਰੀ ਸਾਹਮਣੇ ਆ ਰਹੀ ਹੈ। ਉੱਧਰ ਪੀੜਿਤ ਦੁਕਾਨਦਾਰ ਦੀ ਦੁਕਾਨ ਅੱਗੇ ਰੋਸ ਵਜੋਂ ਇਕੱਤਰ ਦੁਕਾਨਦਾਰਾਂ ਨੇ ਇਸ ਮੌਕੇ ਦੱਸਿਆ ਕਿ ਸ਼ਹਿਰ ਵਿੱਚ ਰੋਜ਼ਾਨਾਂ ਤਿੰਨ ਚਾਰ ਚੋਰੀਆਂ ਹੁੰਦੀਆਂ ਹਨ ਪਰ ਪੁਲਸ ਦੀ ਚੋਰਾਂ ਨੂੰ ਫੜਨ ਦੀ ਕਾਰਵਾਈ ਬਹੁਤ ਢਿੱਲੀ ਹੈ। ਉਹਨਾਂ ਚੇਤਾਵਨੀ ਦਿੱਤੀ ਕਿ ਜੇ ਪੁਲਸ ਨੇ ਚੋਰਾਂ ਨੂੰ ਜਲਦੀ ਕਾਬੂ ਨਾ ਕੀਤਾ ਤਾਂ ਉਹ ਮੰਡੀ ਬੰਦ ਕਰਕੇ ਪੁਲਸ ਪ੍ਰਸਾਸ਼ਨ ਖਿਲਾਫ ਸੰਘਰਸ ਵਿੱਢਣਗੇ। ਦੂਜੇ ਪਾਸੇ ਨਵੇਂ ਆਏ ਥਾਣਾ ਮੁਖੀ ਹਰਜੀਤ ਸਿੰਘ ਨੇ ਕਿਹਾ ਕਿ ਸਮੁੱਚੇ ਮਾਮਲੇ ਦੀ ਸੀ ਸੀ ਟੀ ਵੀ ਫੁੱਟੇਜ਼ ਲੈ ਕੇ ਜਾਂਚ ਆਰੰਭ ਦਿੱਤੀ ਹੈ ਜਲਦੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV



# 4 ਸਿਆਸੀ ਧਿਰਾਂ ਦਾ ਗਠਨ : 'ਸ਼ੇਰ - ਏ - ਪੰਜਾਬ ਅਕਾਲੀ ਦਲ' ਨਾਂ ਹੇਠ ਪਾਰਟੀ ਦਾ ਗਠਨ

**ਜਲੰਧਰ, 18 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਦਿਨੀ ਇਕੱਠੇ ਹੋ ਕੇ ਚੱਲਣ ਦਾ ਫੈਸਲਾ ਕਰਨ ਵਾਲੀਆਂ 4 ਸਿਆਸੀ ਧਿਰਾਂ ਦੇ ਆਗੂ ਗੁਰਦੀਪ ਸਿੰਘ ਬਠਿੰਡਾ ਯੂਨਾਈਟਡ ਅਕਾਲੀ ਦਲ, ਲੋਕ ਅਧਿਕਾਰ ਲਹਿਰ ਤੋਂ ਬਲਵਿੰਦਰ ਸਿੰਘ ,ਕਿਰਤੀ ਅਕਾਲੀ ਦਲ ਤੋਂ ਬੂਟਾ ਸਿੰਘ ਰਣਸ਼ੀਹ ਅਤੇ ਭਾਰਤੀ ਆਰਥਿਕ ਪਾਰਟੀ ਵੱਲੋਂ ਤਰੁਣ ਜੈਨ ਬਾਵਾ ਨੇ ਮਿਲ ਕੇ ਅੱਜ " ਸ਼ੇਰ - ਏ - ਪੰਜਾਬ ਅਕਾਲੀ ਦਲ" ਨਾਂ ਹੇਠ ਪਾਰਟੀ ਦਾ ਗਠਨ ਕੀਤਾ। ਇਸ ਪਾਰਟੀ ਦਾ ਪਹਿਲੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ ਨੂੰ ਐਲਾਨਿਆ ਗਿਆ । ਪ੍ਰਧਾਨ ਦੀ ਇਹ ਚੋਣ 3 ਸਾਲਾਂ ਲਈ , 1 ਮਾਰਚ 2027 ਤੱਕ ਹੋਵੇਗੀ। ਇਸ ਮਗਰੋਂ ਪਾਰਟੀ ਦੇ ਚੁਣੇ ਗਏ ਡੈਲੀਗੇਟ ਮੁੜ 3 ਸਾਲ ਦੇ ਅਰਸੇ ਲਈ ਪ੍ਰਧਾਨ ਦੀ ਚੋਣ ਕਰਨਗੇ । ਪਾਰਟੀ ਪ੍ਰਧਾਨ ਰਹਿੰਦਿਆਂ ਪ੍ਰਧਾਨ ਨਾ ਖੁਦ ਚੋਣ ਲੜੇਗਾ ਨਾ ਪਰਿਵਾਰਿਕ ਮੈਂਬਰ , ਕੋਈ ਵਿਧਾਨਕ ਚੋਣ ਲੜੇਗਾ । ਜਾਰੀ ਪ੍ਰੈਸ ਨੋਟ ਵਿੱਚ ਦੱਸਿਆ ਗਿਆ ਕਿ ਇਸ ਪਾਰਟੀ ਦਾ ਗਠਨ ਪੰਥ ਅਤੇ ਪੰਜਾਬ ਨੂੰ ਸਮਰਪਿਤ ਖੇਤਰੀ ਪਾਰਟੀ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਉਨਾਂ ਕਿਹਾ ਕਿ ਅੱਜ ਜਿਥੇ ਸਾਰੀਆਂ ਮੌਜੂਦਾ ਰਾਜਸੀ ਪਾਰਟੀਆਂ ਆਪਣੇ ਅੰਦਰੂਨੀ ਲੋਕਤੰਤਰ ਨੂੰ ਗਵਾ ਚੁੱਕੀਆਂ ਹਨ ਉਥੇ ਪੰਜਾਬ ਦੇ ਵੱਧ ਅਧਿਕਾਰਾਂ ਸਮੇਤ ਸੂਬੇ ਦੇ ਖੇਤਰੀ ਹੱਕਾਂ ਨੂੰ ਵੀ ਵਿਸਾਰ ਚੁੱਕੀਆਂ ਹਨ। ਸੂਬੇ ਸਣੇ ਦੇਸ਼ ਵਿਚ ਅਰਾਜਕਤਾ ਦਾ ਮਾਹੌਲ ਬਣ ਰਿਹਾ ਹੈ ਅਤੇ ਹੁਕਮਰਾਨ ਤਾਨਾਸ਼ਾਹੀ ਵੱਲ ਵੱਧ ਰਹੇ ਹਨ । ਦੇਸ਼ ਵਿੱਚ ਘੱਟ ਗਿਣਤੀਆਂ ਉੱਤੇ ਅੱਤਿਆਚਾਰ ਦੇ ਰੁਝਾਨ ਵਿੱਚ ਸਿੱਖਾਂ ਨੂੰ ਵੀ ਦਬਾਉਣ, ਜਲੀਲ ਕਰਨ ਅਤੇ ਗੁਰਦਵਾਰਿਆਂ ਵਿੱਚ ਸਰਕਾਰੀ ਦਖਲ ਦੀਆਂ ਘਟਨਾਵਾਂ ਵੱਧ ਰਹੀਆਂ ਹਨ । ਸਿੱਖਾਂ ਨਾਲ ਵਧੀਕੀਆਂ ਰੋਕਣ , ਪੰਜਾਬ ਤੇ ਪੰਜਾਬੀਆਂ ਨੂੰ ਉਜਾੜਨ ਦੀਆਂ ਦੀਆਂ ਡੂੰਘੀਆਂ ਸਾਜਿਸ਼ਾਂ ਨਾਲ ਨਜਿੱਠਣ ਲਈ ਪੰਜਾਬ ਦੀ ਇਕ ਮਜਬੂਤ ਖੇਤਰੀ ਪਾਰਟੀ ਦੀ ਰੜਕਦੀ ਘਾਟ ਨੂੰ ਪੂਰਾ ਕਰਨਾ ਹਰੇਕ ਸੂਝਵਾਨ ਪੰਜਾਬੀ ਦਾ ਫਰਜ਼ ਹੈ । ਪੰਜਾਬ ਪ੍ਰਸਤ , ਪੰਥਕ ਸੋਚ ਅਤੇ ਸਿਆਸੀ ਸੂਝ ਵਾਲੇ ਪੰਜਾਬੀਆਂ ਨੂੰ ਸ਼ੇਰੇ ਪੰਜਾਬ ਅਕਾਲੀ ਦਲ ਨਾਲ ਜੋੜਨ ਲਈ " ਪੰਜਾਬ ਦੇ ਭਖਦੇ ਮਸਲਿਆਂ ਨੂੰ ਲੈਕੇ ਮੁਹਿੰਮ ਸ਼ੁਰੂ ਕੀਤੀ ਜਾਵੇਗੀ । ਬੁਲਾਰਿਆਂ ਕਿਹਾ ਕਿ ਇਸ ਫਰਜ਼ ਨੂੰ ਨਿਭਾਉਂਦਿਆਂ ਅਸੀਂ ਸਾਰਿਆਂ ਨੇ ਮਿਲ ਕੇ ਚਲਣ ਦਾ ਫੈਸਲਾ ਕੀਤਾ ਹੈ ਅਤੇ ਬਾਕੀ ਪਾਰਟੀਆਂ ਵਿਚ ਇਖ਼ਲਾਕ ਵਾਲੇ ਆਗੂਆਂ ਅਤੇ ਵਰਕਰਾਂ ਨੂੰ " ਹੋਂਦ ਬਚਾਉਣ " ਲਈ ਜੁੜਨ ਦਾ ਸੱਦਾ ਦੇ ਰਹੇ ਹਾਂ। ਸ਼ੇਰ - ਏ -ਪੰਜਾਬ ਅਕਾਲੀ ਦਲ ਵਿਚ ਸਰਬ - ਸਾਂਝੀਵਲਤਾ ਅਤੇ " ਅੰਦਰੂਨੀ ਜਮਹੂਰੀਅਤ " ਵਿਸ਼ੇਸ਼ ਗੁਣ ਹੋਣਗੇ । ਬੀਬੀਆਂ ਅਤੇ ਨੌਜਵਾਨਾਂ ਦਾ ਪਾਰਟੀ ਵਿਚ ਵਿਸ਼ੇਸ਼ ਮਹੱਤਵ ਹੋਵੇਗਾ। 26 ਫਰਵਰੀ ਨੂੰ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਪਾਰਟੀ ਦੇ ਸੰਵਿਧਾਨ, ਅਜੰਡੇ ਅਤੇ ਨਿਸ਼ਾਨੇ ਦੀ ਵਿਚਾਰ ਚਰਚਾ ਲਈ ਇੱਕ ਵਰਕਰ ਮੀਟਿੰਗ ਹੋਵੇਗੀ । ਇਸ ਮੀਟਿੰਗ ਵਿੱਚ ਪਾਰਟੀ ਦੇ ਕੁਝ ਅਹੁਦੇਦਾਰਾਂ ਦੀਆਂ ਜਿੰਮੇਵਾਰੀਆਂ ਵੀ ਐਲਾਨ ਕੀਤੀਆਂ ਜਾਣਗੀਆਂ । ਪਾਰਟੀ ਪੰਜਾਬ ਦੇ ਸਮੁੱਚੇ ਮਸਲਿਆਂ ਬਾਰੇ ਮੌਕਾਪ੍ਰਸਤ ਨਿਰਨਿਆਂ ਦੀ ਥਾਂ ਡੂੰਘੀ ਸੋਚ ਅਤੇ ਸਦੀਵੀ ਹੱਲ ਲੈਕੇ ਪੰਜਾਬੀਆਂ ਤਕ ਜਾਵੇਗੀ । ਰਾਜਨੀਤਿਕ, ਆਰਥਿਕ, ਧਾਰਮਿਕ ,ਸਮਾਜਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਪੈਰੋਂ ਉਖੜੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਲਈ ਪ੍ਰੋਗਰਾਮ ਦਿੱਤਾ ਜਾਵੇਗਾ । ਸੋਸ਼ੇਬਾਜ਼ੀ ਅਤੇ ਮਾਰਕੇਬਾਜ ਰਾਜਨੀਤੀ ਦੀ ਥਾਂ ਮੁੱਦਿਆਂ ਦੀ ਗਭੀਰ ਸਿਆਸਤ ਦੀ ਕਮੀ ਨੂੰ ਪੂਰਾ ਕੀਤਾ ਜਾਵੇਗਾ। ਸ਼ੇਰੇ ਪੰਜਾਬ ਅਕਾਲੀ ਦਲ, ਪਾਰਟੀ ਕਿਸਾਨੀ ਹੱਕਾਂ ਲਈ ਚੱਲ ਰਹੇ ਸੰਘਰਸ਼ ਦੀ ਪੁਰਜ਼ੋਰ ਹਿਮਾਇਤੀ ਹੈ। ਪਾਰਟੀ ਵੱਲੋਂ ਪੰਥਕ ਵਧੀਕੀਆਂ ਵਿਰੁੱਧ ਚਲ ਰਹੇ ਸੰਘਰਸ਼ਾਂ ਨੂੰ ਪੂਰਾ ਸਾਥ ਦਿੱਤਾ ਜਾਵੇਗਾ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜਾਵਾਂ , ਸਾਰੇ ਧਾਰਮਿਕ ਗ੍ਰੰਥਾਂ ਦੇ ਸਨਮਾਨ ਦੀ ਰਾਖੀ ਲਈ ਸਖ਼ਤ ਕਨੂੰਨ , ਬੰਦੀ ਸਿੰਘਾਂ ਦੀ ਰਿਹਾਈ ਅਤੇ ਬਾਦਲ ਕੇ ਅਕਾਲੀ ਦਲ ਵੱਲੋਂ ਛੱਡ ਦਿੱਤੇ ਗਏ ਪੰਥ ਅਤੇ ਪੰਜਾਬ ਦੇ ਮੁੱਦਿਆਂ ਉਤੇ ਤਿੱਖੀ ਲੜਾਈ ਲੜੀ ਜਾਵੇਗੀ । ਸਿੱਖੀ ਦੀ ਸੋਚ ਅਨੁਸਾਰ ਦੱਬੇ ਕੁੱਚਲੇ ਲੋਕਾਂ ਦੀ ਆਵਾਜ਼ ਚੁੱਕਣ ਲਈ , ਬਹੁਜਨ ਸਮਾਜ ਪਾਰਟੀ ਅਤੇ ਦਲਿਤ ਮੁਕਤੀ ਅੰਦੋਲਨ ਦੇ ਆਗੂਆਂ ਨਾਲ ਸਹਿਯੋਗ ਕਰਾਂਗੇ। ਇਸ ਮੌਕੇ ਬੂਟਾ ਸਿੰਘ ਰਣਸ਼ੀਹ, ਬਲਵਿੰਦਰ ਸਿੰਘ, ਤਰੁਣ ਜੈਨ ਬਾਵਾ, ਬਹਾਦੁਰ ਸਿੰਘ ਰਾਹੋਂ, ਰਾਮੇਸ਼ਵਰ ਨਾਥ ਗੌਤਮ ਪਠਾਨਕੋਟ ਹਾਜ਼ਰ ਸਨ ।




ਆਵਾਜ਼ਿ ਕੌਮ AWAZE QAUM International Newspaper & WEB TV


ਧਨੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia


ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

# ੧ਓ ਸਤਿਗੁਰੂ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਭੋਗ ਅਤੇ ਅੰਤਿਮ ਅਰਦਾਸ



ਸਿੱਖ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਅਤੇ ਕੌਮ ਲਈ 15 ਸਾਲ ਦੇ ਕਰੀਬ ਜੇਲ੍ਹ ਕੱਟਣ ਵਾਲੇ ਭਾਈ ਜੱਸਾ ਸਿੰਘ ਮਾਣਕੀ ਦੇ ਮਾਤਾ ਜੀ ਪ੍ਰੀਤਮ ਕੌਰ ਜੀ ਦੇ ਅਕਾਲ ਚਲਾਣਾ ਕਰਨ ਤੇ ਅਸੀਂ ਖਾਲਸਾ ਪੰਥ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਭਾਈ ਜੱਸਾ ਸਿੰਘ ਜੀ ਨੇ ਕੌਮ ਲਈ ਸੰਘਰਸ਼ ਕਰਦਿਆ ਵੱਡੀਆਂ ਕੌਮੀ ਸੇਵਾਵਾਂ ਕੀਤੀਆਂ ਹਨ ਜੇ ਭਾਈ ਸਾਬ ਜੀ ਰੂਪੋਸ ਰਹੇ ਤੇ ਜੇਲ੍ਹ ਵਿੱਚ ਰਹੇ ਤਾ ਮਾਤਾ ਪ੍ਰੀਤਮ ਕੌਰ ਜੀ ਹੋਰਾਂ ਨੇ ਬੜੇ ਦੁੱਖ ਝੱਲੇ ਹਨ ਮਾਤਾ ਜੀ ਹੋਰਾਂ ਦੀ ਦਿੱਤੀ ਸਿੱਖਿਆ ਦਾ ਅਸਰ ਹੀ ਸੀ ਭਾਈ ਮਾਣਕੀ ਜੀ ਕੌਮ ਦੀ ਸੇਵਾ ਕਰਨ ਲਈ ਜੰਗ ਦੇ ਮੈਦਾਨ ਵਿੱਚ ਨਿੱਤਰੇ ਸਨ ਭਾਈ ਸਾਹਿਬ ਜੀ ਦਾ ਪੂਰਾ ਪਰਿਵਾਰ ਅਮ੍ਰਿਤਧਾਰੀ ਹੈ ਮਾਤਾ ਜੀ ਆਪਣੇ ਜੀਵਨ ਦੇ ਅੰਤਲੇ ਦਿਨਾਂ ਤੱਕ ਪੱਕੇ ਨਿਤਨੇਮੀ ਰਹੇ ਤੇ ਹਰ ਰੋਜ ਗੁਰੂ ਘਰ ਜਾਣਾ ਉਹਨਾਂ ਦੀ ਗੁਰੂ ਗ੍ਰੰਥ ਪੰਥ ਪ੍ਰਤੀ ਪਰਪੱਕਤਾ ਸੀ

**ਮਾਤਾ ਜੀ ਜੀ ਨਮਿਤ ਪਾਠ ਦੇ ਭੋਗ ਗੁਰਦਵਾਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਮਾਣਕੀ ਜਿਲ੍ਹਾ ਮਲੇਰਕੋਟਲਾ ਵਿਖ਼ੇ 20 ਫਰਵਰੀ ਨੂੰ ਪਏ ਜਾਣਗੇ**

ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

## ਮਾਤਾ ਪ੍ਰੀਤਮ ਕੌਰ ਜੀ

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 11 ਫਰਵਰੀ, 2024 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

## ਸ਼੍ਰੀ ਸਹਿਜ ਪਾਠ ਦੇ ਭੋਗ

**ਮਿਤੀ 20 ਫਰਵਰੀ, 2024 ਦਿਨ ਮੰਗਲਵਾਰ ਨੂੰ**

**ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ (ਮਾਣਕੀ) ਜ਼ਿਲ੍ਹਾ ਮਾਲੇਰਕੋਟਲਾ ਵਿਖੇ**

ਸਮਾਂ 12:00 ਤੋਂ 01:00 ਵਜੇ ਤੱਕ ਪਵੇਗਾ।
ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

ਵੱਲੋਂ: ਜੱਸਾ ਸਿੰਘ ਮਾਣਕੀ (ਪੁੱਤਰ)
ਜੱਥੇਬੰਦਕ ਸਕੱਤਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਹਲਕਾ ਮਹਿਲ ਕਲਾਂ।
ਦਰਸ਼ਨ ਸਿੰਘ ਰਾਣੂੰ (ਪੁੱਤਰ)
ਤੇਜਬੰਤ ਸਿੰਘ ਰਾਣੂੰ (ਪੁੱਤਰ)
ਸੰਪਰਕ:-9876968380,8289049695
ਨੋਟ: ਵੱਖਰੇ ਕਾਰਡ ਨਹੀ ਭੇਜੇ ਜਾ ਰਹੇ।

**--✶ ਜਾਰੀ ਕਰਤਾ ✶--**

ਬਾਬਾ ਇੰਦਰ ਸਿੰਘ ਕਾਰ ਸੇਵਾ
ਬਾਬਾ ਬਲਬੀਰ ਸਿੰਘ ਭੂਤਨਾ
ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ
ਭਾਈ ਸੁਰਿੰਦਰ ਸਿੰਘ ਠੀਕਰੀਵਾਲ
ਭਾਈ ਸ਼ਮਸੇਰ ਸਿੰਘ ਭੰਗੂ
ਭਾਈ ਹਰਜੰਟ ਸਿੰਘ ਬਿਜਲੀਵਾਲ
ਭਾਈ ਮਹਿੰਦਰ ਸਿੰਘ ਅਸੰਧ

ਆਵਾਜ਼ਿ ਕੌਮ AWAZE QAUM International Newspaper & WEB TV

# ਸਮੈਦਿਕ ਦੀਆਂ ਸਿੱਖ ਸੰਗਤਾਂ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੇ ਜਾ ਕੀਤਾ ਸਿਜਦਾ

# ਲੰਡਨ ਦੇ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਵਿੱਚ ਗੂੰਜੇ ਰਾਜ ਕਰੇਗਾ ਖ਼ਾਲਸਾ ਦੇ ਜੈਕਾਰੇ

## ਭਾਰਤ ਸਰਕਾਰ ਬੇਕਸੂਰ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਡੱਕ ਰਹੀ ਹੈ ਤੇ ਕਿਸਾਨਾਂ ਤੇ ਲਗਾਤਾਰ ਜ਼ੁਲਮ ਕਰ ਰਹੀ ਹੈ - ਦਿਉਲ















**ਲੰਡਨ, 16 ਫਰਵਰੀ (ਸਰਬਜੀਤ ਸਿੰਘ ਬਨੂੜ)** - ਬਰਤਾਨੀਆ ਦੇ ਸ਼ਹਿਰ ਥੈਟ ਫੋਰਡ ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਸਿੱਖ ਰਾਜ ਦੇ ਆਖਰੀ ਮਹਾਰਾਜਾ ਮਹਾਰਾਜਾ ਦਲੀਪ ਸਿੰਘ ਦੀ ਬਣੀ ਸਮਾਧ ਤੇ ਸੈਂਕੜੇ ਸਿੱਖਾਂ ਨੇ ਜਾ ਕੇ ਸਿਜਦਾ ਕੀਤਾ ਗਿਆ ਤੇ ਲੰਡਨ ਦੇ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਵਿੱਚ ਸਿੱਖ ਰਾਜ ਦੀਆਂ ਨਿਸ਼ਾਨੀਆਂ ਨੂੰ ਨੇੜੇ ਤੋਂ ਵੇਖਿਆ ਗਿਆ। ਬੀਤੇ ਦਿਨੀਂ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੇ ਮੁੱਖ ਸੇਵਾਦਾਰ ਸ ਕੁਲਦੀਪ ਸਿੰਘ ਦਿਉਲ ਦੀ ਅਗਵਾਈ ਵਿੱਚ ਸੈਂਕੜੇ ਸਿੱਖਾਂ ਨੇ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਸਿਜਦਾ ਕੀਤਾ ਗਿਆ।ਥੈਟ ਫੋਰਡ ਵਿੱਚ ਬਣੀ ਮਹਾਰਾਜਾ ਦਲੀਪ

ਆਵਾਜ਼ਿ ਕੌਮ AWAZE QAUM International Newspaper & WEB TV

ਸਿੰਘ ਦੀ ਕਬਰ ਤੇ ਪਹੁੰਚੇ ਅਨੇਕਾਂ ਸਿੱਖ ਇਸ ਜਗਾ ਤੇ ਆ ਕੇ ਮਹਾਰਾਜਾ ਦਲੀਪ ਸਿੰਘ ਤੇ ਪਰਿਵਾਰ ਨਾਲ ਗੋਰੀ ਸਰਕਾਰ ਵੱਲੋਂ ਕੀਤੇ ਅੱਤਿਆਚਾਰ ਕਾਰਨ ਭਾਵੁਕ ਹੋ ਗਏ। ਸੰਗਤਾਂ ਨੇ ਕਿਹਾ ਕਿ ਸਾਡਾ ਆਪਣਾ ਰਾਜ ਸੀ ਪਰ ਅੱਜ ਸਾਨੂੰ ਆਪਣੇ ਰਾਜ ਦੀਆਂ ਨਿਸ਼ਾਨੀਆਂ ਵੇਖਣ ਲਈ ਇਜਾਜ਼ਤ ਲੈਣੀ ਪੈ ਰਹੀ ਹੈ। ਮਹਾਰਾਜਾ ਦਲੀਪ ਸਿੰਘ ਦੀ ਕਬਰ ਤੇ ਪਹੁੰਚੀਆਂ ਸੰਗਤਾਂ ਫੁੱਲ ਅਰਪਨ ਕਰਦੀਆਂ ਭਾਵੁਕ ਹੋ ਰਹੀਆਂ ਸਨ ਤੇ ਬੱਚਿਆਂ ਨੂੰ ਸਿੱਖ ਰਾਜ ਦੀਆਂ ਬਾਤਾਂ ਸੁਣਾ ਰਹੀਆਂ ਸਨ। ਇਸ ਮੌਕੇ ਗੁਰਦਵਾਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਹਿਤਾਬ ਸਿੰਘ ਨੇ ਚੌਪਈ ਸਾਹਿਬ ਤੇ ਅਰਦਾਸ ਕੀਤੀ ਗਈ ਅਤੇ ਕਥਾ ਵਾਚਕ ਗਿਆਨੀ ਗੁਰਪ੍ਰੀਤ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਦੇ ਇਤਿਹਾਸ ਸੰਬੰਧੀ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਦਿਉਲ ਨੇ ਕਿਹਾ ਕਿ ਸਿੱਖ ਰਾਜ ਤੋਂ ਬਗੈਰ ਸਿੱਖ



ਮਸਲੇ ਹੱਲ ਨਹੀਂ ਹੋਣੇ। ਭਾਰਤ ਵਿੱਚ ਸਿੱਖ ਰਾਜ ਦੀ ਗੱਲ ਕਰਨ ਵਾਲੇ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਡੱਕ ਰਹੀ ਹੈ ਤੇ ਕਿਸਾਨਾਂ ਤੇ ਲਗਾਤਾਰ ਜ਼ੁਲਮ ਕਰ ਰਹੀ ਹੈ। ਉਨ੍ਹਾਂ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਵੱਲੋਂ ਯਾਦ ਵਿੱਚ ਬਣੀ ਚਰਚ ਦੀ ਹੋ ਰਹੀ ਖਸਤਾ ਹਾਲਤ ਤੇ ਚਿੰਤਾ ਜ਼ਾਹਰ ਕੀਤੀ ਗਈ। ਇਸ ਮੌਕੇ ਪੰਜਾਬ ਤੋਂ ਆਏ ਬਹੁਤੇ ਪਾੜ੍ਹੇ ਸਿੱਖ ਰਾਜ ਤੋਂ ਅਣਜਾਣ ਵੇਖੇ ਗਏ ਜੋ ਪੰਜਾਬ ਵਿੱਚ ਬਹੁਗਿਣਤੀ ਸਿੱਖਾਂ ਦੇ ਹੋਣ ਦੇ ਬਾਵਜੂਦ ਸਰਕਾਰਾਂ ਸਕੂਲਾਂ ਕਾਲਜਾਂ ਵਿੱਚ ਸਿੱਖ ਰਾਜ ਦੇ ਇਤਿਹਾਸ ਨੂੰ ਪੜ੍ਹਾਉਣ ਤੋਂ ਕਿਉਂ ਕੰਨੀ ਕਤਰਾ ਰਹੀਆਂ ਹਨ ਸਵਾਲ ਉੱਠ ਰਹੇ ਸਨ। ਇਸ ਮੌਕੇ ਕਬਰ ਨੇੜੇ ਬਣੀ ਚਰਚ ਵਿੱਚ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਵੱਲੋਂ ਮਹਾਰਾਜਾ ਦੀ ਯਾਦ ਵਿੱਚ ਬਣੀਆਂ ਯਾਦਾਂ ਨੂੰ ਗੌਰ ਨਾਲ ਤੱਕਿਆ। ਚਰਚ ਦੇ ਸਾਬਕਾ ਪਾਦਰੀ ਪੋਲ ਨੇ ਖੁੱਲ ਦਿਲੀ ਨਾਲ ਸਿੱਖ ਸੰਗਤਾਂ ਨੂੰ ਮਹਾਰਾਜਾ ਦਲੀਪ ਸਿੰਘ ਤੇ ਸਿੱਖ ਰਾਜ ਦੇ ਇਤਿਹਾਸ ਬਾਰੇ ਦੱਸਿਆ ਗਿਆ। ਬਰਮਿੰਘਮ ਦੇ ਸੈਂਕੜੇ ਸਿੱਖ ਪਹਿਲਾਂ ਲੰਡਨ ਦੇ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਵਿੱਚ ਪਏ ਸਿੱਖ ਰਾਜ ਦੀਆਂ ਨਿਸ਼ਾਨੀਆਂ ਨੂੰ ਵੇਖਣ ਗਏ ਜਿੱਥੇ ਸੰਗਤਾਂ ਨੇ ਲੰਡਨ ਦੇ ਮਿਊਜ਼ੀਅਮ ਵਿੱਚ ਮੁੜ ਰਾਜ ਕਰੇਗਾ ਖ਼ਾਲਸਾ ਦੇ ਜੈਕਾਰੇ ਲਾਏ ਜਾ ਰਹੇ ਸਨ। ਇਸ ਮੌਕੇ ਸ ਕੁਲਵੰਤ ਸਿੰਘ ਮੁਠੱਡਾ, ਸ ਬਲਵਿੰਦਰ ਸਿੰਘ ਢਿੱਲੋਂ, ਕੌਂਸਲਰ ਚਰਨ ਸਿੰਘ ਪੱਡਾ, ਕੌਂਸਲਰ ਦਿਆ ਸਿੰਘ ਨਾਗੀ, ਸਾਬਕਾ ਕੌਂਸਲਰ ਬੀਬੀ ਕਮਲਜੀਤ ਕੋਰ ਸਲੋਹ ਵੀ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243


ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਸਰਬ ਰੋਗ ਕਾ ਅਉਖਦ ਨਾਮੁ॥
ਸਲਾਨਾ ਜੋੜ ਮੇਲ ਗੁਰਮਤਿ ਸਮਾਗਮ
ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ।
ਮਿਤੀ 17, 18, 19 ਫਰਵਰੀ 2024 ਦਿਨ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ
ਸਥਾਨ: ਸ਼੍ਰੀ ਗੁਰੂ ਤੇਗ ਬਹਾਦਰ ਕਲੌਨੀ, ਖਾਲਸਾ ਫਾਰਮ ਨੇੜੇ ਬਿਜਲੀ ਗਰਿੱਡ, ਭੀਖੀ (ਮਾਨਸਾ) (ਰਿਹਾਇਸ਼ ਬਾਬਾ ਹਰਜਿੰਦਰ ਸਿੰਘ ਜੀ ਭੀਖੀ ਵਾਲੇ) ਵਿਖੇ
ਪ੍ਰੋਗਰਾਮ
ਮਿਤੀ 13 ਫਰਵਰੀ ਤੋਂ 19 ਫਰਵਰੀ ਤੱਕ ਸ਼੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ
ਰੋਜ਼ਾਨਾ ਗੁਰਬਾਣੀ ਸ਼ਬਦ ਗਾਇਨ ਸਮਾਗਮ
ਸਮਾਂ ਸਵੇਰੇ 6.00 ਵਜੇ ਤੋਂ 8.00 ਵਜੇ ਤੱਕ ਸ਼ਾਮ 6.00 ਤੋਂ 8.00 ਵਜੇ ਤੱਕ
ਮਿਤੀ 18 ਫਰਵਰੀ 2024 ਦਿਨ ਐਤਵਾਰ ਕੀਰਤਨ ਦਰਬਾਰ ਰਾਤ 7.00 ਤੋਂ 10.00 ਵਜੇ ਤੱਕ
ਮਿਤੀ 19 ਫਰਵਰੀ 2024 ਦਿਨ ਸੋਮਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਲੜੀ ਸਵੇਰੇ 9.00 ਵਜੇ ਤੱਕ
ਕੀਰਤਨ ਸਮਾਗਮ ਸਵੇਰੇ 10.00 ਵਜੇ ਤੋਂ ਦੁਪਿਹਰ 2.00 ਵਜੇ ਤੱਕ
ਅੰਮ੍ਰਿਤ ਸੰਚਾਰ ਸਮਾਗਮ: 19 ਫਰਵਰੀ 2024 ਦਿਨ ਸੋਮਵਾਰ ਸਵੇਰੇ 10 ਵਜੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ
ਪਹੁੰਚ ਰਹੇ
WATCH ON YouTube
ਅੰਮ੍ਰਿਤ ਅਭਿਲਾਖੀ ਸੰਗਤਾਂ ਸਮੇਂ ਸਿਰ ਪਹੁੰਚ ਕੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਜੀ ਅੰਮ੍ਰਿਤ ਪਾਨ ਕਰਨ ਵਾਲੇ ਪ੍ਰਾਣੀਆਂ ਨੂੰ ਫਰੀ ਕਕਾਰ ਦਿੱਤੇ ਜਾਣਗੇ।
ਜਿਹੜੇ ਨੌਜਵਾਨ ਸਿਰ ਉੱਤੇ ਕੇਸ ਰੱਖਣ ਦਾ ਪ੍ਰਣ ਕਰਨਗੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਜਲੇਬੀਆਂ ਦਾ ਲੰਗਰ ਅਤੁੱਟ ਵਰਤੇਗਾ।
ਵੱਲੋਂ. ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਖਾਲਸਾ ਫਾਰਮ, ਭੀਖੀ (ਮਾਨਸਾ)
ਸੰਪਰਕ ਨੰਬਰ. 98141-09794, 98781-59576, 95699-91433
ਬਾਬਾ ਹਰਜਿੰਦਰ ਸਿੰਘ ਜੀ (ਖਾਲਸਾ ਫਾਰਮ) ਭੀਖੀ ਵਾਲੇ


ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਸਲਾਨਾ ਜੋੜ ਮੇਲ ਗੁਰਮਤਿ ਸਮਾਗਮ
ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ।
19 ਫਰਵਰੀ 2024 ਦਿਨ ਸੋਮਵਾਰ ਨੂੰ
ਸਥਾਨ: ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਕਲੌਨੀ, ਖਾਲਸਾ ਫਾਰਮ ਨੇੜੇ ਬਿਜਲੀ ਗਰਿੱਡ, ਭੀਖੀ (ਮਾਨਸਾ) (ਰਿਹਾਇਸ਼ ਬਾਬਾ ਹਰਜਿੰਦਰ ਸਿੰਘ ਜੀ ਭੀਖੀ ਵਾਲੇ) ਵਿਖੇ
ਫਰੀ ਮੈਡੀਕਲ ਕੈਂਪ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ
ਬਾਬਾ ਹਰਜਿੰਦਰ ਸਿੰਘ ਜੀ (ਖਾਲਸਾ ਫਾਰਮ) ਭੀਖੀ ਵਾਲੇ
* ਡਾ. ਦਵਿੰਦਰ ਰਾਵਤ MD
* ਡਾ. ਦੀਪ ਸਿੰਘ ਮਾਨ MD
* ਡਾ. ਮਨਪ੍ਰੀਤ ਸਿੰਘ ਮੈਨੇਜਿੰਗ ਡਾਇਰੈਕਟਰ
* ਡਾ. ਹਰਭਜਨ ਸਰਮਾਂ ਅੱਖਾਂ ਵਾਲੇ ਡਾਕਟਰ
* ਡਾ. ਜੀਵਨ ਸਿੰਘ ਮੈਨੇਜਰ,
* ਬੀਰਬਲ ਸਿੰਘ PRO ਰੱਲਾ
ਚੰਡੀਗੜ੍ਹ ਹਸਪਤਾਲ ਦਾ ਸੰਪਰਕ ਨੰਬਰ 86408-62000
ਅੱਖਾਂ ਦਾ ਚੈਕਅੱਪ, ਫਰੀ ਦਵਾਈਆਂ, ਬੀ.ਪੀ. ਸ਼ੁਗਰ ਤੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਚੈੱਕਅੱਪ ਕਰਕੇ ਫਰੀ ਦਵਾਈ ਦਿੱਤੀ ਜਾਵੇਗੀ।
ਵੱਲੋਂ: ਚੰਡੀਗੜ੍ਹ ਹਸਪਤਾਲ, ਥਾਣਾ ਰੋਡ, ਭੀਖੀ





# ਭਾਰਤੀ ਕਿਸਾਨ ਯੂਨੀਅਨ ਏਕਤਾ ਅਜਾਦ ਪਿੰਡ ਕਾਂਝਲਾ ਦੀ ਹੋਈ ਚੋਣ

## ਕਿਸਾਨਾਂ ਦੇ ਹੱਕਾਂ ਦੀ ਲੜਾਈ ਲੜਦੇ ਰਹਾਂਗੇ : ਸੁਖਵਿੰਦਰ ਸਿੰਘ ਪੇਧਨੀ

ਧੂਰੀ ( ਰਣਜੀਤ ਸਿੰਘ ਪੇਧਨੀ ) ਭਾਰਤੀ ਕਿਸਾਨ ਯੂਨੀਅਨ ਏਕਤਾ ਅਜਾਦ ਵੱਲੋਂ ਬਲਾਕ ਧੂਰੀ ਦੇ ਪਿੰਡ ਕਾਂਝਲਾ ਪਿੰਡ ਕਮੇਟੀ ਦੀ ਚੋਣ ਜਿਲ੍ਹਾ ਆਗੂ ਸੰਤ ਰਾਮ ਛਾਂਜਲੀ ਅਤੇ ਸੁਖਵਿੰਦਰ ਸਿੰਘ ਪੇਧਨੀ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਵੱਖ-ਵੱਖ ਅਹੁਦੇਦਾਰਾਂ ਨੂੰ ਉਹ ਤੇ ਦੇਖ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਦੀ ਮੈਂਬਰਸ਼ਿਪ ਦਿੱਤੀ ਗਈ ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੀਨੀਅਰ ਸੁਖਵਿੰਦਰ ਸਿੰਘ ਪੇਧਨੀ ਨੇ ਕਿਹਾ ਹੈ ਕਿ ਪਿਸਰੇ ਲੰਮੇ ਸਮੇਂ ਤੋਂ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਕਿਸਾਨਾਂ ਦੇ ਲਈ ਸੰਘਰਸ਼ ਕਰ ਰਹੀ ਅਤੇ ਕਰਦੀ ਰਹੇਗੀ ਯੂਨੀਅਨ ਦੇ

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰਧਾਨ ਜਸਵਿੰਦਰ ਸਿੰਘ ਸੋਮਾ ਦੀ ਅਗਵਾਹੀ ਹੇਠ ਕਿਸਾਨ ਜਥੇਬੰਦੀ ਹੋਰਨਾ ਜਥੇਬੰਦੀਆਂ ਨਾਲ ਰਲ ਕੇ ਕਿਸਾਨਾਂ ਦੇ ਹਰ ਮਸਲੇ ਤੇ ਸੰਘਰਸ਼ ਕਰ ਰਹੀ ਹੈ ਅਤੇ ਜਿੱਤ ਪ੍ਰਾਪਤ ਕਰ ਰਹੀ ਸੁਖਵਿੰਦਰ ਸਿੰਘ ਪੇਧਨੀ ਨੇ ਵੱਖ-ਵੱਖ ਪਿੰਡਾਂ ਦੇ ਵਿੱਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਵੱਧ ਤੋਂ ਵੱਧ ਮੈਂਬਰ ਬਣਨ ਤਾਂ ਜੋ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਇਆ ਜਾ ਸਕੇ।



# ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਬਲਾਕ ਤਲਵੰਡੀ ਸਾਬੋ ਨੇ ਚਲ ਰਹੇ ਕਿਸਾਨੀ ਅੰਦੋਲਨ ਦੀ ਕੀਤੀ ਹਮਾਇਤ



**ਤਲਵੰਡੀ ਸਾਬੋ, 18 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਬਲਾਕ ਤਲਵੰਡੀ ਸਾਬੋ ਨੇ ਦਿੱਲੀ ਚਲੋ ਕਿਸਾਨ ਅੰਦੋਲਨ ਸੰਘਰਸ਼ ਨੂੰ ਮੀਟਿੰਗ ਕਰਕੇ ਆਪਣੀ ਹਮਾਇਤ ਦਿੱਤੀ। ਬਲਾਕ ਪ੍ਰਧਾਨ ਡਾਕਟਰ ਗੁਰਮੇਲ ਸਿੰਘ ਘਈ ਨੇ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਕਿ ਦਿੱਲੀ ਕੂਚ ਕਰ ਰਹੇ ਕਿਸਾਨਾਂ 'ਤੇ ਕੇਂਦਰ ਅਤੇ ਹਰਿਆਣਾ ਦੇ ਮਨੋਹਰ ਲਾਲ ਖੱਟਰ ਦੀ ਸਰਕਾਰ ਪੰਜਾਬ ਨਾਲ ਲੱਗਦੇ ਰਸਤਿਆਂ ਨੂੰ ਪੂਰੀ ਤਰ੍ਹਾਂ ਬੰਦ ਕਰਕੇ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਜਾ ਰਹੇ ਹਨ ਇਹ ਸਰਕਾਰ ਕਿਸਾਨਾਂ 'ਤੇ ਆਪਣਾ ਜ਼ੁਲਮ ਬੰਦ ਕਰੇ ਬਲਾਕ ਪ੍ਰਧਾਨ ਘਈ ਨੇ ਇਸ ਕੀਤੇ ਜ਼ੁਲਮ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ। ਉਹਨਾਂ ਕਿਹਾ ਕਿ ਸਾਡੀ ਐਸੋਸੀਏਸ਼ਨ ਬਲਾਕ ਤਲਵੰਡੀ ਸਾਬੋ ਵੱਲੋਂ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ ਅਤੇ ਸਾਡੇ ਵੱਲੋਂ ਫਰੀ ਦਵਾਈਆਂ ਅਤੇ ਫਰੀ ਚੈਕ ਅੱਪ ਕੈਂਪ ਲਾਏ ਜਾਣਗੇ। ਉਹਨਾਂ ਦੱਸਿਆ ਕਿ ਪਿਛਲੇ ਸੰਘਰਸ਼ ਵੇਲੇ ਵੀ ਟਿਕਰੀ ਬਾਰਡਰ ਤੇ ਸਾਡੇ ਡਾਕਟਰ ਸਾਥੀਆਂ ਵੱਲੋਂ ਫਰੀ ਦਵਾਈਆਂ ਅਤੇ ਚੈਕ ਅੱਪ ਕੈਂਪ ਲਾਏ ਗਏ ਸਨ। ਉਨ੍ਹਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਪੂਰੀਆਂ ਕੀਤੀਆਂ ਜਾਣ। ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਕੱਲ ਹੋਣ ਵਾਲੀ ਮੀਟਿੰਗ ਦੇ ਵਿੱਚ ਸਾਨੂੰ ਆਸ ਹੈ ਕਿ ਜਰੂਰ ਕੋਈ ਸਰਕਾਰ ਵੱਲੋਂ ਸਿੱਟਾ ਕੱਢਿਆ ਜਾਵੇਗਾ। ਇਸ ਮੌਕੇ ਐਸੋਸੀਏਸ਼ਨ ਦੇ ਡਾਕਟਰ ਸਾਥੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰਦੁਆਰਾ ਸੰਤ ਖਾਲਸਾ ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਨਗਰ ਪਿੰਡ ਰੋਡੇ ਮੋਗਾ ਵਿਖੇ

# ਸਲਾਨਾ ਮਹਾਨ ਨਗਰ ਕੀਰਤਨ ਸਾਹਿਬ ਕਰਵਾਇਆ ਗਿਆ

## ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ, ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਮੇਤ ਭਾਰੀ ਗਿਣਤੀ 'ਚ ਸੰਗਤਾਂ ਨੇ ਭਰੀ ਹਾਜ਼ਰੀ











ਆਵਾਜ਼ਿ ਕੌਮ AWAZE QAUM International Newspaper & WEB TV

ਮੋਗਾ, 18 ਫਰਵਰੀ (ਆਵਾਜਿ ਕੌਮ ਬਿਉਰੋ)-ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਨਗਰ ਵਿਖੇ 16 ਫ਼ਰਵਰੀ ਤੋਂ ਚੱਲ ਰਹੇ ਸਲਾਨਾ ਮਹਾਨ ਗੁਰਮਤਿ ਸਮਾਗਮ ਚੜ੍ਹਦੀ ਕਲਾ ਨਾਲ ਹੋ ਰਹੇ ਹਨ। ਅੱਜ ਨਗਰ (ਪਿੰਡ) ਵਿੱਚ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਹੇਠ ਨਗਰ ਕੀਰਤਨ ਸਾਹਿਬ ਸਜਾਇਆ ਗਿਆ। ਜਿਸ ਵਿੱਚ ਪੰਥਕ ਜਥੇਬੰਦੀਆਂ ਅਤੇ ਰਾਗੀ ਢਾਡੀ, ਕਵੀਸ਼ਰੀ, ਅਤੇ ਮਹਾਨ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਅਤੇ ਵਿਸ਼ੇਸ਼ ਤੌਰ ਤੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ) ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਵੀ ਆਪਣੀ ਹਾਜ਼ਰੀ ਲਗਵਾਈ । ਸਮੂਹ ਸੇਵਾਦਾਰਾਂ ਤੇ ਨਗਰ ਨਿਵਾਸੀ ਸੰਗਤਾਂ ਨੇ ਵਧ ਚੜ੍ਹ ਕੇ ਸੇਵਾਵਾਂ ਕੀਤੀਆਂ। ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਹੈੱਡ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਜੀ ਵੱਲੋਂ ਸਮੂਹ ਸ਼ਖ਼ਸੀਅਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਇਹ ਸ਼ਬਦ ਨਹੀਂ

# ਨੌਜਵਾਨਾਂ ਦੇ ਜ਼ਜ਼ਬਾਤ ਨੇ



ਉਹ ਜਿਸ ਜਿਸਨੂੰ ਜੋ ਨਾਮ ਦੇ ਗਇਆ ਉਹ ਰਹਿੰਦੀ ਦੁਨੀਆ ਤੱਕ ਉਹਨਾਂ ਦਾ ਪਿੱਛਾ ਨਹੀਂ ਛੱਡਣਗੇਂ। ਜਿਵੇਂ- ਦੁੱਕੀ ਦਾ ਸਿੰਗਰ, ਕੌੜਤੁੰਮੇ, ਬੁੱਚੜ

"ਸਤਿ ਸ੍ਰੀ ਅਕਾਲ ਪੰਜਾਬੀਓ"

"ਮੈਂ ਆਸ ਕਰਦਾਂ ਤੁਸੀਂ ਠੀਕ-ਠਾਕ ਹੋਵੋਂਗੇ'

"ਇਹ ਸਾਡੀ ਹੋਂਦ ਦੀ ਲੜਾਈ ਆ'

"ਇਹ ਲੜਾਈ ਇਕੱਲੀ ਫਸਲਾਂ ਦੀ ਨਹੀਂ, ਇਹ ਲੜਾਈ ਸਾਡੀ ਨਸਲਾਂ ਦੀ ਆ'

"ਇਹ ਲੜਾਈ 3 ਕਾਲੇ ਕਾਨੂੰਨਾਂ ਤੱਕ ਸੀਮਿਤ ਨਹੀਂ, ਇਹਦੀਆਂ ਜੜ੍ਹਾਂ ਕਿਤੇ ਹੋਰ ਨੇ'

"ਸੰਤਾਂ ਦੀ ਗੱਲ ਕਿਉਂ ਨਾ ਕਰੀਏ'

"ਜਿਹੜੀ ਕੌਮ ਨੇ 200 ਸਾਲ ਪਹਿਲਾਂ ਤੱਕ ਰਾਜ ਮਾਣਿਆ, ਉਹ ਰਾਜ ਦੀ ਗੱਲ ਕਿਉਂ ਨਾ ਕਰਨ'

"ਖਾਲਿਸਤਾਨ ਦੀ ਗੱਲ ਕਰਨੀ ਕੋਈ ਗੁਨਾਹ ਥੋੜੀ ਆ'

"ਇਹ ਕਾਮਰੇਡ ਕੌੜਤੁੰਮੇ ਨੇ'

"ਜੇ ਗੱਲ ਪੰਜਾਬ ਤੇ ਆ ਗਈ ਸਭ ਕੁਝ ਛੱਡ ਦਿਆਂਗੇ'

"ਜਿਉਂਦੇ ਵੱਸਦੇ ਰਹੋ ਪੰਜਾਬੀਓ'

"ਰੱਬ ਰਾਖਾ'

ਟੌਪ ਦਾ ਵਕੀਲ, ਫਿਲਮੀ ਅਦਾਕਾਰ, ਬੰਬੇ ਵਿੱਚ ਪੌਸ਼ ਏਰੀਏ ਵਿੱਚ ਫਲੈਟ, ਕਰੋੜਾਂ ਦੀਆਂ ਗੱਡੀਆਂ, ਬਾਲੀਵੁੱਡ ਦੇ ਕਹਿੰਦੇ ਕਹਾਉਦਿਆਂ ਨਾਲ ਬਹਿਣੀ ਉੱਠਣੀ ਤੇ ਆਪਣੀ ਕੌਮ ਤੇ ਆਪਣੇ ਲੋਕਾਂ ਲਈ ਸਭ ਛੱਡਕੇ ਆ ਗਿਆ ਤੇ ਆਪਣੇ ਲੋਕਾਂ ਲਈ ਜਾਨ ਤੱਕ ਵਾਰ ਗਿਆ।

ਦੁਸ਼ਮਣ ਦੇ ਲਈ ਐਡਾ ਪੜ੍ਹਿਆ-ਲਿਖਿਆ ਤੇ ਐਡਾ ਤੇਜ਼ ਬੰਦਾ ਨਹੀਂ ਦੇਖਿਆ ਤੇ ਆਪਣੇ ਲੋਕਾਂ ਲਈ ਐਡਾ ਭੋਲਾ ਤੇ ਐਡਾ ਸਿੱਧਾ ਬੰਦਾ ਵੀ ਕਦੇ ਨਹੀਂ ਦੇਖਿਆ।

ਸਭ ਕੁਝ ਛੱਡ ਆਇਆ ਪਰ ਆਪਣੇ ਲੋਕਾਂ ਨੂੰ ਇਹੀ ਸਾਬਿਤ ਕਰਦਾ ਚਲਿਆ ਗਿਆ ਕਿ ਮੈਂ ਤੁਹਾਡੇ ਲਈ ਲੜ ਰਿਹਾ, ਮੈਂ ਗੱਦਾਰ ਨਹੀਂ।

ਗੱਦਾਰ, ਵਿਕਿਆ ਹੋਇਆ, ਬੀ.ਜੇ.ਪੀ. ਦਾ ਏਜੰਟ, ਸਰਕਾਰ ਦਾ ਪਿੱਠੂ, ਕਿਸਾਨੀ ਅੰਦੋਲਨ ਨੂੰ ਫੇਲ ਕਰਨ ਲਈ ਪਲਾਂਟ ਕੀਤਾ ਹੋਇਆ- ਹੋਰ ਪਤਾ ਨਹੀਂ ਕਿੰਨੇ ਹੀ ਟੈਗ ਦਿੱਤੇ ਜਾਣ ਦੇ ਬਾਵਜੂਦ ਉਹਨਾਂ ਲੋਕਾਂ ਨੂੰ ਹੀ ਜਾਗਰੂਕ ਕਰਦਾ ਰਿਹਾ ਤੇ ਉਹਨਾਂ ਲਈ ਹੀ ਲੜਦਾ ਰਿਹਾ।

ਉਹ ਮੋਨਾ ਜਰੂਰ ਸੀ, ਪਰ ਪਤਾ ਨਹੀਂ ਕਿੰਨੇ ਹੀ ਪੰਜਾਬੀਆਂ ਨੂੰ ਵਾਪਿਸ ਸਿੱਖੀ ਨਾਲ ਜੋੜ ਗਿਆ। ਆਪਣੇ ਲੋਕਾਂ ਨੂੰ ਰਾਜ ਦੀ ਗੱਲ ਸਮਝਾ ਗਿਆ, ਜਾਂ ਕਹਿ ਲਈਏ ਸਾਡੇ ਵਰਗੇ ਸੁੱਤਿਆਂ ਨੂੰ ਜਗਾ ਗਿਆ।

ਉਹਦੇ ਮੂੰਹੋਂ ਪਹਿਲੀ ਵਾਰ ਸੁਣਿਆ ਕਿ ਡੀਪ ਸਟੇਟ ਕੀ ਹੁੰਦੀ ਆ। ਫੇਰ ਪਤਾ ਲੱਗਿਆ ਕਿ ਨਿੱਕੇ ਤੋਂ ਲੈ ਕੇ ਵੱਡੇ ਲੀਡਰ ਸਭ ਮੂਰਤਾਂ ਹੀ ਨੇ ਬੱਸ। ਮੁਲਖਾਂ ਨੂੰ ਚਲਾਉਣ ਵਾਲੇ ਤੇ ਨੀਤੀਘਾੜੇ ਤਾਂ ਅਸਲ ਵਿੱਚ ਕੋਈ ਹੋਰ ਹੁੰਦੇ ਨੇ। ਬਾਅਦ ਵਿੱਚ ਇਹਨਾਂ ਚੀਜਾਂ ਨੂੰ ਡੂੰਘਾਈ ਨਾਲ ਜਾਣਿਆ।

ਨਿਊ ਵਰਲਡ ਆਰਡਰ ਤੇ ਕਿਸਾਨੀ ਬਾਰੇ ਜੋ ਗੱਲਾਂ 2-3 ਸਾਲ ਪਹਿਲਾਂ ਦੱਸ ਗਿਆ ਉਹ ਬੜਿਆਂ ਦੇ ਅਜੇ ਵੀ ਸਮਝ ਨਹੀਂ ਪੈ ਰਹੀਆਂ।

ਉਹ ਜਿਸ ਜਿਸਨੂੰ ਜੋ ਨਾਮ ਦੇ ਗਇਆ ਉਹ ਰਹਿੰਦੀ ਦੁਨੀਆ ਤੱਕ ਉਹਨਾਂ ਦਾ ਪਿੱਛਾ ਨਹੀਂ ਛੱਡਣਗੇਂ। ਜਿਵੇਂ- ਦੁੱਕੀ ਦਾ ਸਿੰਗਰ, ਕੌੜਤੁੰਮੇ, ਬੁੱਚੜ

ਤੇਰੀਆਂ ਕਹੀਆਂ ਅੱਜ ਸੱਚ ਹੋ ਰਹੀਆਂ ਨੇ ਬਾਈ। ਪਰ ਤੂੰ ਨਹੀਂ ਹੈਗਾ ਦੇਖਣ ਲਈ।

ਕਲਾ ਵਰਤ ਰਹੀ ਆ ਬਾਈ।

**ਤੇਰੀ ਹੀ ਭਾਸ਼ਾ ਵਿੱਚ-**

**ਤੂੰ ਜਿੱਥੇ ਵੀ ਹੋਵੇਂਗਾ ਜਿਉਂਦਾ ਵੱਸਦਾ ਰਹਿ ਬਾਈ**

**ਅਸੀਂ ਆਸ ਕਰਦੇ ਹਾਂ ਤੂੰ ਠੀਕ-ਠਾਕ ਹੋਵੇਂਗਾ**

**ਰੱਬ ਰਾਖਾ ??**

**ਇਹ ਸ਼ਬਦ ਨਹੀਂ, ਨੌਜਵਾਨਾਂ ਦੇ ਜ਼ਜ਼ਬਾਤ ਨੇ**

**-ਪਰਗਟ ਸਿੰਘ ਬਲ਼ਬੇੜ੍ਹਾ ਮੋ: 9022000070**

## ਸਿਮਰਨਜੀਤ ਸਿੰਘ ਮਾਨ ਵੱਲੋਂ ਭੇਜੀ ਗਰਾਟ ਨਾਲ ਬਣੇ ਬਾਲੀਵਾਲ ਗਰਾਉਂਡ ਦਾ ਕੀਤਾ ਉਦਘਾਟਨ

# ਸਾਂਸਦ ਮਾਨ ਵੱਲੋਂ ਗਰਾਂਟਾਂ ਦੇ ਗੱਫੇ ਦੇ ਕੇ ਹਲਕੇ ਦੀ ਨੁਹਾਰ ਬਦਲੀ ਜਾ ਰਹੀ ਹੈ ਸਲੇਮਪੁਰ

ਧੂਰੀ ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ, ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਲੋਕ ਹਲਕਾ ਸੰਗਰੂਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਸ, ਹਰਬੰਸ ਸਿੰਘ ਸਲੇਮਪੁਰ ਦੇ ਰਾਹੀ ਭੇਜੀ ਗਈ ਗ੍ਰਾਂਟ ਨਾਲ ਗਰਾਮ ਪੰਚਾਇਤ ਸਲੇਮਪੁਰ ਵੱਲੋਂ ਬਣਾਏ ਗਏ ਵਾਲੀਬਾਲ ਗਰਾਊਂਡ ਦਾ ਉਦਘਾਟਨ ਬਾਬਾ ਬਹਾਦਰ ਸਿੰਘ ਸੇਵਾਦਾਰ ਗੁਰਦੁਆਰਾ ਸਾਹਿਬ ਸਲੇਮਪੁਰ ਅਤੇ ਬਾਬਾ ਬੁੱਧ ਦਾਸ ਮਹੰਤ ਡੇਰਾ ਸਲੇਮਪੁਰ ਵੱਲੋਂ ਕੀਤਾ ਗਿਆ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ,ਹਰਬੰਸ ਸਿੰਘ ਸਲੇਮਪੁਰ ਨੇ ਕਿਹਾ ਹੈ ਕਿ ਸਰਦਾਰ ਮਾਨ ਵੱਲੋਂ ਹਲਕੇ ਦੇ ਵਿਕਾਸ ਦੇ ਲਈ ਗਰਾਂਟਾਂ ਦੇ ਗੱਫੇ ਦੇ ਕੇ ਹਲਕੇ ਦੀ ਨੁਹਾਰ ਬਦਲੀ ਜਾ ਰਹੀ ਹੈ। ਸਰਦਾਰ ਮਾਨ ਸੰਗਰੂਰ ਲੋਕ ਸਭਾ ਹਲਕੇ ਦੇ ਵਿਕਾਸ ਕਾਰਜਾਂ ਲਈ ਹਰ ਵਕਤ ਚਿੰਤਿਤ ਰਹਿੰਦੇ ਹਨ। ਇਸ ਸਮੇ ਸਰਪੰਚ ਰੁਲਦਾ ਸਿੰਘ ਸਲੇਮਪੁਰ, ਜਗਦੇਵ ਸਿੰਘ ਪ੍ਰਧਾਨ ਕੋਆਪ੍ਰੇਟਿਵ ਸੋਸਾਇਟੀ ਸਲੇਮਪੁਰ, ਸਾਬਕਾ ਸਰਪੰਚ ਗੁਰਬਚਨ ਸਿੰਘ ਸਲੇਮਪੁਰ, ਸਾਬਕਾ ਸਰਪੰਚ ਇੰਦਰਜੀਤ ਸਿੰਘ ਸਲੇਮਪੁਰ, ਰਣਜੀਤ ਸਿੰਘ ਪੰਚ ਸਲੇਮਪੁਰ, ਕੇਵਲ ਸਿੰਘ ਪੰਚ ਸਲੇਮਪੁਰ, ਵੇਦਪਰੀਤ ਸਿੰਘ ਸਕੱਤਰ, ਮੇਜਰ ਸਿੰਘ ਚਹਿਲ, ਮਾਸਟਰ ਜੰਗ ਸਿੰਘ, ਮਹਿੰਦਰ ਸਿੰਘ, ਬਿੱਕਰ ਸਿੰਘ, ਕੁਲਵੰਤ ਸਿੰਘ ਕਾਂਤੀ, ਜੋਗਿੰਦਰ ਸਿੰਘ, ਲਵਪ੍ਰੀਤ ਸਿੰਘ, ਛੋਟਾ ਸਿੰਘ, ਕਰਮਜੀਤ ਸਿੰਘ, ਨਵਨੀਤ ਸਿੰਘ, ਕੁਲਵੰਤ ਸਿੰਘ ,ਗੁਰਦੀਪ ਸਿੰਘ, ਜੱਗਰ ਸਿੰਘ, ਸਹਵੀਰ ਸਿੰਘ, ਇੰਦਰਜੀਤ ਸਿੰਘ, ਹਰਮਨ, ਮਨਪ੍ਰੀਤ ਸਿੰਘ ਸੁਖਭਗਤ ਸਿੰਘ, ਕਰਮਜੀਤ ਸਿੰਘ ਸਮੇਤ ਹੋਰ ਨਗਰ ਨਿਵਾਸੀ ਅਤੇ ਕਲੱਬ ਦੇ ਮੈਂਬਰ ਹਾਜ਼ਰ ਸਨ।



# ਨਿਸਕਾਮ ਸੇਵਾ ਸਭਾ ਰਜਿ: ਧੂਰੀ ਵੱਲੋਂ ਜੋੜਾਂ ਦੇ ਦਰਦਾਂ ਦਾ ਫਰੀ ਚੈੱਕ ਅੱਪ ਕੈਂਪ ਲਗਾਇਆ



**ਧੂਰੀ (ਰਣਜੀਤ ਸਿੰਘ ਪੇਧਨੀ )**-ਸ੍ਰੀ ਮਹਾਸਾ ਪ੍ਰਤਿਗਿਆਪਾਲ ਜੀ ਦੀ ਸਰਪਰਸਤੀ ਹੇਠ ਚੱਲ ਰਹੇ ਨਿਸਕਾਮ ਸੇਵਾ ਸੇਵਾ ਸਭਾ ਰਜਿ: ਧੂਰੀ ਵੱਲੋਂ ਜੋੜਾਂ ਦੇ ਦਰਦਾਂ ਦਾ ਫਰੀ ਚੈੱਕ ਅੱਪ ਕੈਪ ਬਿਰਧ ਆਸਰਮ ਵਿਖੇ ਲਗਾਇਆ ਗਿਆ। ਜਿਸ ਵਿੱਚ ਜੋੜਾਂ ਦਾ ਦਰਦ ਸਰਵਾਈਕਲ, ਗਠੀਆ, ਡਿਸਕ ਦਾ ਦਬਾਅ,ਮੋਢੇ ਦਾ ਜਾਮ ਹੋਣਾ,ਹੱਥ ਪੈਰ ਸੁਨ ਹੋਣਾ,ਗਠੀਆ ਅਧਰੰਗ, ਮੂੰਹ ਦਾ ਲਕਵਾ ਅਤੇ ਗੋਡੇ ਬਦਲਨ ਤੋਂ ਬਾਅਦ ਦਾ ਇਲਾਜ ਕੀਤਾ ਗਿਆ। ਜਿਸ ਵਿੱਚ ਫਿਜਿਓਥਰੈਪੀ ਦੇ ਮਸਹੂਰ ਡਾਕਟਰ ਗੁਰਪ੍ਰੀਤ ਕੌਰ (ਬੀ,ਪੀ,ਟੀ) ਸਾਬਕਾ ਫਿਜਿਉਥਰੈਪੀ ਇੰਡੀਅਨ ਰੈਡ ਕ੍ਰਾਸ ਬਰਨਾਲਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਇਸ ਮੌਕੇ ਨਿਸਕਾਮ ਸੇਵਾ ਸਭਾ ਦੇ ਜਰਨਲ ਸਕੱਤਰ ਭਾਰਤ ਭੂਸਨ ਪ੍ਰਵੀਨ, ਉਪ ਪ੍ਰਧਾਨ ਹੰਸ ਰਾਜ ਗਰਗ, ਉਪ ਪ੍ਰਧਾਨ ਰਮੇਸਵਰ ਦਾਸ ,ਪ੍ਰਜੈਕਟ ਇੰਨ:ਸਰੀਸ ਚੰਦਰ ਅਰੋੜਾ,ਕੈਸੀਅਰ ਅਸੋਕ ਕੁਮਾਰ ਰੈਨਾ, ਮੀਡੀਆ ਇੰਚਾਰਜ ਪਵਨ ਚੋਧਰੀ,ਜਤਿੰਦਰ ਸਰਮਾ ,ਰਾਜ ਕੁਮਾਰ ਗਰਗ ਅਤੇ ਕਲੱਬ ਮੈਂਬਰ ਵੱਡੀ ਗਿਣਤੀ 'ਚ ਹਾਜਰ ਸਨ।

# ਹਾਈਕੋਰਟ ਇੰਪਲਾਈਜ ਯੂਨੀਅਨ ਦੀਆਂ ਚੌਣਾਂ ਮੁਕੰਮਲ; ਰਾਈਜਿੰਗ ਸਨ ਜੇਤੂ ਵਿਨੋਦ ਧਤਰਵਾਲ ਮੁੱਖੀ ਬਣੇ









**ਚੌਕ ਮਹਿਤਾ, 18 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਹਰਿਆਣਾ ਹਾਈਕੋਰਟ ਇੰਪਲਾਈਜ ਯੂਨੀਅਨ ਦੀਆਂ ਚੌਣਾਂ ਦਾ ਉਗਤਾ ਸੂਰਜ ਦੀ ਟੀਮ ਨੇ ਵੱਡੇ ਫਰਕ ਨਾਲ ਜਿੱਤ ਕਰਕੇ ਸਾਰੇ ਅਹੁਦਿਆਂ ਤੇ ਕਬਜ਼ਾ ਕਰ ਲਿਆ। ਪ੍ਰਧਾਨ ਦੇ ਅਹੁਦੇ ਲਈ ਸ੍ਰੀ ਵਿਨੋਦ ਧਤਰਵਾਲ, ਮੀਤ ਪ੍ਰਧਾਨ ਹਰਪ੍ਰੀਤ ਸਿੰਘ, ਜਨਰਲ ਸਕੱਤਰ ਸ੍ਰੀ ਸੰਜੀਵ ਵਰਮਾ, ਸਕੱਤਰ ਸ੍ਰੀ ਨੀਰਜ ਰਾਠੀ, ਦੀ ਚੌਣ ਕੀਤੀ ਗਈ। ਪ੍ਰਧਾਨ ਦੇ ਅਹੁਦੇ ਲਈ ਸ੍ਰੀ ਵਿਨੋਦ ਧਤਰਵਾਲ ਨੂੰ 1668 ਵੋਟਾ ਮਿੱਲੀਆ ਜਦ ਕਿ ਉਨ੍ਹਾਂ ਦੇ ਵਿਰੋਧੀ ਸ੍ਰੀ ਰਜਿੰਦਰ ਭਾਟੀਆ ਨੂੰ 808ਵੋਟਾ ਮਿਲੀਆਂ, ਸ੍ਰੀ ਵਿਨੋਦ ਧਤਰਵਾਲ ਨੇ 860 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ। ਉਪ ਮੁੱਖੀ ਸ, ਹਰਪ੍ਰੀਤ ਸਿੰਘ ਨੂੰ1711 ਵੋਟਾਂ ਮਿਲੀਆਂ। ਜਦ ਕਿ ਆਸਾ ਨੂੰ 907 ਵੋਟਾਂ ਮਿਲੀਆਂ। ਹਰਪ੍ਰੀਤ ਸਿੰਘ 804 ਵੋਟਾਂ ਨਾਲ ਜੇਤੂ ਰਹੇ। ਜਨਰਲ ਸਕੱਤਰ ਸ੍ਰੀ ਸੰਜੀਵ ਵਰਮਾ ਨੂੰ 1560 ਵੋਟਾਂ ਮਿਲੀਆਂ। ਜਦ ਕਿ ਨੀਰਜ ਨੂੰ 916 ਵੋਟਾਂ ਮਿਲੀਆਂ। ਸੰਜੀਵ ਵਰਮਾ 644 ਵੋਟਾਂ ਨਾਲ ਜੇਤੂ ਰਹੇ। ਇਨ੍ਹਾਂ ਅਹੁਦਿਆਂ ਤੋਂ ਇਲਾਵਾ ਸੰਯੁਕਤ ਸਕੱਤਰ ਦੇ ਅਹੁਦੇ ਲਈ ਹਰਪ੍ਰੀਤ ਸਿੰਘ ਕੰਗ ਸਮਾਜਿਕ ਸਕੱਤਰ ਦੇ ਅਹੁਦੇ ਲਈ ਬੁੱਧੀ ਨਾਥ , ਖੇਡ ਸਕੱਤਰ ਦੇ ਅਹੁਦੇ ਲਈ ਗੀਤੂ ਗੁਪਤਾਂ, ਖਜਾਂਨਚੀ ਦੇ ਅਹੁਦੇ ਲਈ ਗੁਰਸ਼ਰਨ ਸਿੰਘ ਗਿੱਲ, ਦੀ ਚੌਣ ਕੀਤੀ ਗਈ। ਖਾਸ ਗੱਲ ਇਹ ਸੀ ਕਿ ਖੇਡ ਸਕੱਤਰ ਨੂੰ ਛੱਡ ਕੇ ਬਾਕੀ ਸਾਰੇ ਅਹੁਦਿਆਂ ਲਈ ਹੋਈਆਂ ਚੌਣਾਂ ਵਿੱਚ 600ਤੋ ਵੱਧ ਵੋਟਾਂ ਪਈਆਂ, ਦਾ ਫਰਕ ਸੀ ਖੇਡ ਸਕੱਤਰ ਦੇ ਅਹੁਦੇ ਤੇ ਰਿਤੂ ਗੁਪਤਾਂ 390 ਵੋਟਾਂ ਨਾਲ ਜੇਤੂ ਰਹੀ ਹੈ। ਪ੍ਰਧਾਨ ਸ੍ਰੀ ਵਿਨੋਦ ਧਤਰਵਾਲ ਨੇ ਕਿਹਾ ਕਿ ਉਹ ਮੁਲਾਜ਼ਮਾ ਦੇ ਭਰੋਸੇ ਤੇ ਖਰੇ ਉਤਰਨਗੇ ਅਤੇ ਉਨ੍ਹਾਂ ਦੇ ਹਿੱਤਾ ਦੀ ਰਾਖੀ ਲਈ ਵਚਨਬੱਧ ਰਹਿਣਗੇ।

# ਕਮਲਨਾਥ 'ਤੇ ਭਾਜਪਾ 'ਚ ਮਤਭੇਦ, ਭਾਜਪਾਈ ਸਿੱਖ ਆਗੂਆਂ ਨੇ ਜਤਾਇਆ ਇਤਰਾਜ਼



ਨਵੀਂ ਦਿੱਲੀ 18 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਕਮਲਨਾਥ ਦੇ ਭਾਜਪਾ 'ਚ ਸ਼ਾਮਲ ਹੋਣ ਦੇ ਮੁੱਦੇ 'ਤੇ ਭਾਜਪਾ ਪਾਰਟੀ 'ਚ ਵਿਵਾਦ ਪੈਦਾ ਹੋ ਗਿਆ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ 1984 ਸਿੱਖ ਕਤਲੇਆਮ ਦੇ ਦੋਸ਼ੀ ਕਮਲ ਨਾਥ ਨੂੰ ਪਾਰਟੀ ਵਿੱਚ ਲੈਣ ਨਾਲ ਸਿੱਖ ਕੌਮ ਵਿੱਚ ਗਲਤ ਸੰਦੇਸ਼ ਜਾਵੇਗਾ। ਇਸ ਨਾਲ ਦਿੱਲੀ ਅਤੇ ਪੰਜਾਬ ਸਮੇਤ ਕਈ ਰਾਜਾਂ ਵਿੱਚ ਨੁਕਸਾਨ ਹੋ ਸਕਦਾ ਹੈ। ਪਾਰਟੀ ਦੇ ਸਿੱਖ ਆਗੂਆਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਪਾਰਟੀ ਦੇ ਢੁਕਵੇਂ ਮੰਚ 'ਤੇ ਆਪਣੇ ਵਿਚਾਰ ਉਠਾਏ ਹਨ ਅਤੇ ਕਮਲਨਾਥ ਨੂੰ ਪਾਰਟੀ 'ਚ ਲੈਣ 'ਤੇ ਆਪਣੀ ਅਸਹਿਮਤੀ ਦਰਜ ਕਰਵਾਈ ਹੈ। ਪਾਰਟੀ ਵਿੱਚ ਇਹ ਕਲੇਸ਼ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਕਾਂਗਰਸ ਆਗੂ ਕਮਲਨਾਥ ਅਤੇ ਉਨ੍ਹਾਂ ਦੇ ਪੁੱਤਰ ਨਕੁਲ ਨਾਥ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀਆਂ ਅਟਕਲਾਂ ਚੱਲ ਰਹੀਆਂ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਰਟੀ ਵਰਕਰਾਂ ਨੂੰ ਲੋਕ ਸਭਾ ਚੋਣਾਂ ਵਿੱਚ 370 ਸੀਟਾਂ ਹਾਸਲ ਕਰਨ ਲਈ ਕਮਰ ਕੱਸਣ ਲਈ ਕਹਿ ਰਹੇ ਹਨ।ਪਾਰਟੀ ਦੇ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਹੁਣ ਤੱਕ ਉਹ ਆਪਣੇ ਭਾਈਚਾਰੇ ਦੇ ਲੋਕਾਂ ਤੋਂ ਇਹ ਕਹਿ ਕੇ ਵੋਟਾਂ ਮੰਗਦੇ ਰਹੇ ਹਨ ਕਿ ਭਾਜਪਾ ਉਨ੍ਹਾਂ ਨੂੰ ਇਨਸਾਫ਼ ਦਿਵਾਏਗੀ।ਕਮਲਨਾਥ, ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਦੇ ਨਾਲ, 1984 ਦੇ ਸਿੱਖ ਕਤਲੇਆਮ ਦੌਰਾਨ ਦੰਗਾਕਾਰੀਆਂ ਦੀ ਅਗਵਾਈ ਕਰਨ ਵਾਲੇ ਕਾਂਗਰਸੀ ਨੇਤਾਵਾਂ ਵਿੱਚ ਸ਼ਾਮਲ ਸਨ। ਕਤਲੇਆਮ ਦੀ ਘਟਨਾਵਾਂ ਵਿੱਚ 3500 ਤੋਂ ਵੱਧ ਸਿੱਖ ਮਾਰੇ ਗਏ ਸਨ।ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਇਨ੍ਹਾਂ ਘਟਨਾਵਾਂ ਵਿੱਚ ਸ਼ਾਮਲ ਹੋਣ ਲਈ ਦੋਸ਼ੀ ਠਹਿਰਾਇਆ ਗਿਆ ਹੈ, ਜਦੋਂ ਕਿ ਜਗਦੀਸ਼ ਟਾਈਟਲਰ ਨੂੰ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਕਮਲ ਨਾਥ ਅਜੇ ਬਚਿਆ ਹੋਇਆ ਹੈ ਪਰ ਭਾਜਪਾ ਆਗੂ ਸਿੱਖ ਦੰਗਿਆਂ ਦੀ ਜਾਂਚ ਮੁੜ ਤੋਂ ਖੋਲ੍ਹਣ ਅਤੇ ਇਨਸਾਫ਼ ਦਿਵਾਉਣ ਦੀ ਮੰਗ ਕਰ ਰਹੇ ਹਨ। ਅਜਿਹੇ 'ਚ ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਕਮਲਨਾਥ ਨੂੰ ਪਾਰਟੀ 'ਚ ਲੈਣ ਨਾਲ ਨਕਾਰਾਤਮਕ ਸੰਦੇਸ਼ ਜਾਵੇਗਾ, ਜਿਸ ਤੋਂ ਬਚਣਾ ਚਾਹੀਦਾ ਹੈ।

# ਇੱਕ ਨਜ਼ਰ



## ਘਰ-ਘਰ ਮੁਫ਼ਤ ਰਾਸ਼ਨ' ਪਹਿਲਕਦਮੀ ਤਹਿਤ ਅਧਿਕਾਰੀ ਰਾਸ਼ਨ ਦੀ ਨਿਰਵਿਘਨ ਵੰਡ ਯਕੀਨੀ ਬਣਾਉਣ- ਡੀ.ਸੀ

ਅੰਮ੍ਰਿਤਸਰ, 18 ਫਰਵਰੀ ( ਕੁਲਵੰਤ ਸਿੰਘ ਵਿਰਦੀ)- ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਐਤਵਾਰ ਨੂੰ 'ਘਰ ਘਰ ਮੁਫਤ ਰਾਸ਼ਨ' ਪਹਿਲਕਦਮੀ (ਸਕੀਮ) ਅਧੀਨ ਰਜਿਸਟਰਡ ਹਰੇਕ ਲਾਭਪਾਤਰੀ ਤੱਕ ਰਾਸ਼ਨ ਪਹੁੰਚਾਉਣ ਲਈ ਸਾਰੇ ਸਬ ਡਿਵੀਜ਼ਨਲ ਮਜਿਸਟਰੇਟਾਂ ਸਮੇਤ ਸਬੰਧਤ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਹਰੇਕ ਯੋਗ ਘਰ ਤੱਕ ਰਾਸ਼ਨ ਦੀ ਨਿਰਵਿਘਨ ਪਹੁੰਚ ਸਬੰਧੀ ਪੰਜਾਬ ਦੇ ਮੁੱਖ ਸਕੱਤਰ ਨਾਲ ਵੀਡੀਓ ਕਾਨਫਰੰਸਿੰਗ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ 'ਘਰ ਘਰ ਮੁਫਤ ਰਾਸ਼ਨ' ਤਹਿਤ ਰਾਸ਼ਨ ਦੀ ਵੰਡ ਲਈ ਪੁਖਤਾ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ ਇਸ ਸਕੀਮ ਅਧੀਨ 138777 ਰਾਸ਼ਨ ਕਾਰਡ ਹਨ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਕੀਮ ਅਧੀਨ ਰਜਿਸਟਰਡ ਸਾਰੇ ਲਾਭਪਾਤਰੀਆਂ ਨੂੰ ਰਾਸ਼ਨ ਮਿਲੇ। ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਸਮਾਰਟ ਰਾਸ਼ਨ ਕਾਰਡਾਂ ਅਤੇ ਘਰ-ਘਰ ਪਹੁੰਚਾਏ ਜਾਣ ਵਾਲੇ ਰਾਸ਼ਨ ਦੀ ਮਾਤਰਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 138777 ਸਮਾਰਟ ਰਾਸ਼ਨ ਕਾਰਡ ਹਨ, ਜਿਨ੍ਹਾਂ ਨੂੰ ਜਨਵਰੀ ਮਹੀਨੇ ਲਈ ਨਿਰਧਾਰਤ ਕਣਕ ਵੰਡੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਖੁਰਾਕ ਸਪਲਾਈ ਅਤੇ ਕੰਟਰੋਲਰ ਅਤੇ ਜ਼ਿਲ੍ਹਾ ਮੈਨੇਜਰ ਮਾਰਕਫੈੱਡ ਸ ਗੁਰਪ੍ਰੀਤ ਸਿੰਘ ਸੰਧੂ ਨੂੰ ਵੰਡ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਤਾਂ ਜੋ ਸਾਰੇ ਲਾਭਪਾਤਰੀਆਂ ਨੂੰ ਸਮੇਂ ਸਿਰ ਰਾਸ਼ਨ ਮਿਲ ਸਕੇ। ਉਨਾਂ ਖੇਤਰੀ ਟਰਾਂਸਪੋਰਟ ਅਫ਼ਸਰ ਨੂੰ ਵਾਧੂ ਵਾਹਨ ਉਪਲਬਧ ਕਰਵਾਉਣ ਲਈ ਕਿਹਾ ਗਿਆ ਹੈ ਤਾਂ ਜੋ ਟੀਮਾਂ ਵੰਡ ਦੀ ਸਮਾਂ-ਸੀਮਾ ਨੂੰ ਖੁੰਝੇ ਬਿਨਾਂ ਪੂਰੇ ਜ਼ਿਲ੍ਹੇ ਨੂੰ ਕਵਰ ਕਰ ਸਕਣ। ਇਸ ਮਗਰੋਂ ਡਿਪਟੀ ਕਮਿਸ਼ਨਰ ਨੇ ਪਿੰਡ ਕਲੇਰ ਦੀ ਮਾਡਲ ਫੇਅਰ ਪ੍ਰਾਈਜ਼ ਸ਼ਾਪ ਦਾ ਦੌਰਾ ਕੀਤਾ। ਅਤੇ ਉੱਥੇ ਰਾਸ਼ਨ ਵੰਡ ਦੀ ਪ੍ਰਕਿਰਿਆ ਨੂੰ ਵੇਖਿਆ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਉਹਨਾਂ ਦੇ ਵਿਚਾਰ ਵੀ ਸੁਣੇ।

## ਮਾਨਯੋਗ ਪੁਲਿਸ ਕਮਿਸ਼ਨਰ ਸਾਹਿਬ ਜੀ ਚੋਰਾਂ ਕੀਤਾ ਲੋਕਾਂ ਦਾ ਜਿਊਣਾ ਬੇਹਾਲ

ਅੰਮ੍ਰਿਤਸਰ, 18 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਹਲਕਾ ਦੱਖਣੀ ਦੇ ਪੁਲਿਸ ਥਾਣਾ ਬੀ ਡਿਵੀਜ਼ਨ ਅਧੀਨ ਆਉਂਦੇ ਇਲਾਕੇ ਤਰਨ ਤਾਰਨ ਰੋਡ ਤੇ ਗੰਢਾ ਸਿੰਘ ਕਲੋਨੀ,ਸਰਬਜੀਤ ਨਗਰ,ਉੱਤਮ ਨਗਰ,ਬਾਬਾ ਦੀਪ ਸਿੰਘ ਨਗਰ ਵਿਖੇ ਚੋਰਾ ਵਲੋ ਲਗਾਤਾਰ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਪ੍ਰਾਪਤ ਜਾਣਕਾਰੀ ਚੋਰਾ ਵਲੋ ਰਾਤ ਦੇ 2 ਵਜੇ ਤੋਂ ਆਪਣਾ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ ਇਹਨਾ ਨੇ ਆਪਣੇ ਕੋਲ ਸਪਰੇਅ ਰਖਿਆ ਹੁੰਦਾ ਹੈ ਜਿਸ ਨਾਲ ਇਹ ਘਰ ਵਿੱਚ ਦਾਖਿਲ ਹੋ ਕੇ ਸਪਰੇਅ ਨੂੰ ਸੁੱਤੇ ਪਏ ਵਿਅਕਤੀ ਉੱਪਰ ਪਾ ਕੇ ਚੋਰੀ ਦੀ ਘਟਨਾ ਨੂੰ ਅੰਜਾਮ ਦੇ ਕੇ ਛੂ ਮੰਤ੍ਰ ਹੋ ਜਾਂਦੇ ਹਨ ਚੋਰਾ ਨੂੰ ਕਾਬੂ ਕਰਨ ਲਈ ਇਲਾਕੇ ਚ ਰਹਿਣ ਵਾਲੇ ਲੋਕਾਂ ਵਲੋ ਰਾਤ ਸਮੇਂ ਪਹਿਰੇ ਦਿੱਤੇ ਜਾ ਰਹੇ ਹਨ ਹਾਲਾਂਕਿ ਚੋਰਾ ਨੂੰ ਫੜਨ ਦਾ ਕੰਮ ਪੁਲਿਸ ਪ੍ਰਸ਼ਾਸ਼ਨ ਦਾ ਬਣਦਾ ਹੈ ਪ੍ਰੰਤੂ ਪਬਲਿਕ ਵਲੋ ਇਹ ਕੰਮ ਖੁਦ ਆਪ ਕੀਤਾ ਜਾ ਰਿਹਾ ਹੈ ਇਲਾਕਾ ਨਿਵਾਸੀਆ ਨੇ ਮਾਨਯੋਗ ਡੀ ਜੀ ਪੰਜਾਬ ਅਤੇ ਪੁਲਿਸ ਕਮਿਸ਼ਨਰ ਸ੍ਰ ਗੁਰਪ੍ਰੀਤ ਸਿੰਘ ਭੁੱਲਰ ਪਾਸੋਂ ਮੰਗ ਕੀਤੀ ਹੈ ਕਿ ਇਹਨਾ ਚੋਰਾ ਨੂੰ ਕਾਬੂ ਕੀਤਾ ਜਾਵੇ ਅਤੇ ਪੀ ਸੀ ਆਰ ਦੀ ਪੇਟਰੋਲਿੰਗ ਤੇਜ ਕੀਤੀ ਜਾਵੇ ।

## ਗੁਰਦੁਆਰਾ ਕੋਠਾ ਸਾਹਿਬ ਜੋੜ ਮੇਲੇ ਵਿੱਚ ਸੁਰੱਖਿਆ ਪ੍ਰਬੰਧਾਂ ਲਈ ਥਾਣਾ ਮੁਖੀ ਮਕਬੂਲਪੁਰਾ ਸਰਬਜੀਤ ਸਿੰਘ ਸਨਮਾਨਿਤ



ਚੌਕ ਮਹਿਤਾ18 ਫ਼ਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਸਿੱਖਾਂ ਦੇ 9ਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਕੋਠਾ ਸਾਹਿਬ ਵੱਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੋੜ ਮੇਲਾ ਮਨਾਇਆ ਜਾ ਰਿਹਾ ਹੈ ਹੈ। 6 ਫਰਵਰੀ ਤੋਂ ਸ਼ੁਰੂ ਹੋਏ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਚੱਲਣ ਵਾਲੇ ਇਸ ਮੇਲੇ ਵਿੱਚ ਦੇਸ਼ ਭਰ ਅਤੇ ਆਸ-ਪਾਸ ਦੇ ਪਿੰਡਾਂ ਤੋਂ ਲੱਖਾਂ ਲੋਕ ਮੱਥਾ ਟੇਕਣ ਲਈ ਆਉਂਦੇ ਹਨ ।ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀਆਂ ਹਦਾਇਤਾਂ 'ਤੇ ਮੇਲੇ ਦੀ ਸੁਰੱਖਿਆ ਅਤੇ ਆਵਾਜਾਈ ਨੂੰ ਕੰਟਰੋਲ ਕਰਨ ਲਈ ਥਾਣਾ ਮਕਬੂਲਪੁਰਾ ਦੇ ਐਸਐਚਓ ਸਰਬਜੀਤ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਥਾਵਾਂ 'ਤੇ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਜਿਸ ਕਾਰਨ ਆਈ ਸੰਗਤ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ ਹੈ। ਇਸ ਮੌਕੇ ਗੁਰਦੁਆਰਾ ਕੋਠਾ ਸਾਹਿਬ ਦੇ ਮੈਨੇਜਰ ਜੋਬਨਜੀਤ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਣਾ ਮਕਬੂਲਪੁਰਾ ਦੇ ਮੁਖੀ ਸਰਬਜੀਤ ਸਿੰਘ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਐਸਐਚਓ ਸਰਬਜੀਤ ਸਿੰਘ ਨੇ ਦੱਸਿਆ ਕਿ ਮੇਲੇ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਅਤੇ ਉਨ੍ਹਾ ਦੀ ਭੈੜੇ ਅਲਸਰਾਂ ਅਤੇ ਜੇਬ ਕਤਰਿਆਂ ਉੱਤੇ ਬਾਜ਼ ਅੱਖ ਰਹੇਗੀ।

## ਮਹਾਨ ਗੁਰਮਿਤ ਸਮਾਗਮ ਅੱਜ

ਮਾਲੇਰਕੋਟਲਾ, 18 ਫਰਵਰੀ ( ਰਣਜੀਤ ਸਿੰਘ ਪੇਧਨੀ ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਸਿੰਘਾਂ ਦੀ ਯਾਦ ਨੂੰ ਸਮਰਪਿਤ ਬਾਬਾ ਕੁਲਵਿੰਦਰ ਸਿੰਘ ਜੀ ਦੀ ਸਰਪਰਸਤੀ ਹੇਠ ਧੰਨ ਧੰਨ ਬਾਬੇ ਸਿੰਘ ਸ਼ਹੀਦ ਸੇਵਾ ਐਂਡ ਵੈਲਫੇਅਰ ਸੁਸਾਇਟੀ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਪਿੰਡ ਅਬਦੁੱਲਾਪੁਰ ਚੁਹਾਣੇ ਕਲਾ ਵਿਖੇ 13 ਫਰਵਰੀ ਤੋ ਲੈ ਕੇ 19 ਫਰਵਰੀ ਤੱਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਹੋਇਆਂ ਇਲਾਕੇ ਦੀਆਂ ਸੰਗਤਾਂ ਅਤੇ ਐਨਆਰਆਈ ਪਰਿਵਾਰਾਂ ਦੇ ਸਹਿਯੋਗ ਦੇ ਨਾਲ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਚੱਲ ਰਹੀ ਹੈ। ਜਿਸ ਦੇ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਜਾਣਗੇ ਭੋਗ ਉਪਰੰਤ ਮਹਾਨ ਗੁਰਮਤ ਸਮਾਗਮ ਕਰਵਾਇਆਆ ਜਾ ਰਿਹਾ ਰਿਹਾ ਹੈ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਸਿੰਘਾਂ ਦੇ ਅਸਥਾਨ ਦੇ ਮੁੱਖ ਪ੍ਰਬੰਧਕ ਦੀ ਜਿਸ ਵਿੱਚ ਪੰਥ ਦੇ ਮਹਾਨ ਰਾਗੀ ਢਾਡੀ ਕਵੀਸਰ ਸੰਤ ਬਾਬਾ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਮਹਾਨ ਗੁਰਮਿਤ ਸਮਾਗਮ ਵਿੱਚ ਮਹਾਂਪੁਰਸ਼ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਖਾਲਸਾ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਨਗੇ।

### 21 ਫਰਵਰੀ ਨੂੰ ਐਨਡੀਏ ਅਤੇ ਭਾਜਪਾ ਦੇ ਸੰਸਦਾਂ ਦੇ ਮੈਂਬਰਾਂ ਦੇ ਖਿਲਾਫ ਹੋਣਗੇ ਵਿਸ਼ਾਲ ਕਾਲੇ ਝੰਡੇ ਵਾਲੇ ਵਿਰੋਧ ਪ੍ਰਦਰਸ਼ਨ : ਸੰਯੁਕਤ ਕਿਸਾਨ ਮੋਰਚਾ

# ਪੰਜਾਬ ਅੰਦਰ 20-22 ਫਰਵਰੀ ਨੂੰ ਸੰਸਦ ਮੈਂਬਰਾਂ, ਵਿਧਾਇਕਾਂ, ਮੰਤਰੀਆਂ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨਾਂ ਦੇ ਖਿਲਾਫ 3 ਦਿਨਾਂ ਦੇ ਦਿਨ ਅਤੇ ਰਾਤ ਦੇ ਵਿਰੋਧ ਪ੍ਰਦਰਸ਼ਨ

ਨਵੀਂ ਦਿੱਲੀ 18 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਸੰਯੁਕਤ ਕਿਸਾਨ ਮੋਰਚਾ ਨੇ ਭਾਰਤ ਭਰ ਦੇ ਕਿਸਾਨਾਂ ਨੂੰ 9 ਦਸੰਬਰ 2021 ਨੂੰ ਐਸਕੇਐਮ ਨਾਲ ਹੋਏ ਸਮਝੌਤੇ ਨੂੰ ਲਾਗੂ ਕਰਨ ਦੀਆਂ ਮੰਗਾਂ ਸਮੇਤ ਭਾਜਪਾ ਅਤੇ ਐਨਡੀਏ ਦੇ ਸੰਸਦ ਮੈਂਬਰਾਂ ਦੇ ਖਿਲਾਫ ਵੱਡੇ ਪੱਧਰ 'ਤੇ ਕਾਲੇ ਝੰਡੇ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ, ਜਿਸ ਵਿੱਚ ਐਮਐਸਪੀ ਗਾਰੰਟੀਸ਼ੁਦਾ ਖਰੀਦ, ਵਿਆਪਕ ਕਰਜ਼ਾ ਮੁਆਫੀ, ਬਿਜਲੀ ਦਾ ਨਿੱਜੀਕਰਨ ਨਾ ਕਰਨਾ, ਲਖੀਮਪੁਰ ਖੇੜੀ ਦੇ ਕਿਸਾਨ ਕਤਲੇਆਮ ਦੇ ਮੁੱਖ ਸਾਜ਼ਿਸ਼ਕਰਤਾ ਅਜੇ ਮਿਸ਼ਰਾ ਟੈਨੀ ਯੂਨੀਅਨ ਮੰਤਰੀ (ਹੋਮ) ਨੂੰ ਬਰਖਾਸਤ ਕਰਕੇ ਮੁਕੱਦਮਾ ਚਲਾਉਣਾ ਅਤੇ ਅਜਿਹੀਆਂ ਹੀ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਪੰਜਾਬ ਦੀ ਸਰਹੱਦ 'ਤੇ ਕਿਸਾਨਾਂ 'ਤੇ ਹੋ ਰਹੇ ਜਬਰ ਨੂੰ ਬੰਦ ਕਰਨਾ ਅਤੇ ਕਾਰਪੋਰੇਟ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨਾ। ਐਸਕੇਐਮ ਨੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ, ਵੱਖ-ਵੱਖ ਜਨਤਕ ਸੰਗਠਨਾਂ ਨੂੰ ਇੱਕਮੁੱਠਤਾ ਵਧਾਉਣ ਅਤੇ ਮੋਦੀ ਦੇ ਕਿਸਾਨ ਵਿਰੋਧੀ, ਲੋਕਤੰਤਰ ਵਿਰੋਧੀ, ਦਮਨਕਾਰੀ ਅਤੇ ਤਾਨਾਸ਼ਾਹੀ ਰਵੱਈਏ ਦਾ ਪਰਦਾਫਾਸ਼ ਕਰਨ ਦੀ ਅਪੀਲ ਕੀਤੀ। ਪੰਜਾਬ ਵਿੱਚ, ਐਸਕੇਐਮ ਨੇ ਤਿੰਨ ਦਿਨਾਂ ਲਈ ਸੰਸਦ ਮੈਂਬਰਾਂ, ਵਿਧਾਇਕਾਂ, ਮੰਤਰੀਆਂ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨਾਂ ਦੇ ਘਰਾਂ ਦੇ ਸਾਹਮਣੇ ਦਿਨ-ਰਾਤ ਵਿਸ਼ਾਲ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ। ਇਹ ਧਰਨਾ 20 ਫਰਵਰੀ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗਾ ਅਤੇ 22 ਫਰਵਰੀ 2024 ਨੂੰ ਸ਼ਾਮ 5 ਵਜੇ ਸਮਾਪਤ ਹੋਵੇਗਾ। ਐਸਕੇਐਮ ਨੇ ਚੋਣ ਬਾਂਡਾਂ ਰਾਹੀਂ ਭ੍ਰਿਸ਼ਟਾਚਾਰ ਨੂੰ ਕਾਨੂੰਨੀ ਰੂਪ ਦੇਣ ਅਤੇ ਪਾਰਟੀ ਫੰਡਾਂ ਵਜੋਂ ਹਜ਼ਾਰਾਂ ਕਰੋੜ ਰੁਪਏ ਇਕੱਠੇ ਕਰਨ ਲਈ ਮੋਦੀ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਅਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਸੁਆਗਤ ਕੀਤਾ ਹੈ। ਐਸਕੇਐਮ ਨੇ ਕਾਰਪੋਰੇਟ ਪੱਖੀ ਫਾਰਮ ਕਾਨੂੰਨ, ਲੇਬਰ ਕੋਡ, ਬਿਜਲੀ ਐਕਟ ਸੋਧਾਂ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ, ਜਿਸ ਵਿੱਚ ਬੀਮਾ ਕੰਪਨੀਆਂ ਨੇ ਕਿਸਾਨਾਂ ਦੇ ਖਰਚੇ 'ਤੇ 57,000 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ, ਪ੍ਰੀ-ਪੇਡ ਸਮਾਰਟ ਮੀਟਰ, ਮੁਨਾਫਾ ਕਮਾਉਣ ਦੀ ਜਨਤਕ ਵਿਕਰੀ ਦਾ ਦੋਸ਼ ਲਗਾਇਆ ਹੈ। ਸੈਕਟਰ ਅੰਡਰਟੇਕਿੰਗ, ਹਵਾਈ ਅੱਡਿਆਂ ਅਤੇ ਬੰਦਰਗਾਹਾਂ ਦਾ ਨਿੱਜੀਕਰਨ, ਅਜਿਹੇ ਬਹੁਤ ਸਾਰੇ ਕਾਨੂੰਨ ਅਤੇ ਨੀਤੀਆਂ ਇਸ ਦੇ ਕਾਰਪੋਰੇਟ ਸਾਥੀਆਂ ਨੂੰ ਵਾਪਸ ਕਰ ਦਿੱਤੀਆਂ ਗਈਆਂ ਹਨ। ਭਾਜਪਾ ਨੇ ਭ੍ਰਿਸ਼ਟਾਚਾਰ ਨੂੰ ਕਾਨੂੰਨੀ ਰੂਪ ਦੇ ਕੇ ਹਜ਼ਾਰਾਂ ਕਰੋੜ ਰੁਪਏ ਇਕੱਠੇ ਕੀਤੇ ਸਨ, ਇਸ ਨੂੰ ਲੋਕਤੰਤਰੀ ਤੌਰ 'ਤੇ ਚੁਣੀਆਂ ਗਈਆਂ ਸਰਕਾਰਾਂ ਨੂੰ ਡੇਗਣ ਦੇ ਨਾਲ-ਨਾਲ ਵੱਡੇ ਪ੍ਰਚਾਰ ਰਾਹੀਂ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਤਾਇਨਾਤ ਕੀਤਾ ਸੀ, ਜਿਸ ਦੀ ਕਿਸੇ ਹੋਰ ਸਿਆਸੀ ਪਾਰਟੀ ਲਈ ਮੁਕਾਬਲਾ ਕਰਨਾ ਅਸੰਭਵ ਸੀ। ਐਸਕੇਐਮ ਨੂੰ ਉਮੀਦ ਹੈ ਕਿ ਇਸ ਫੈਸਲੇ ਨਾਲ ਈਵੀਐਮ ਨੂੰ ਇੱਕ ਮੂਰਖ-ਪਰੂਫ ਵਿਧੀ ਬਣਾ ਕੇ ਇਸ ਬਾਰੇ ਸ਼ੰਕਿਆਂ ਨੂੰ ਦੂਰ ਕਰਨ ਲਈ ਇੱਕ ਅੰਦੋਲਨ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ। ਚੋਣ ਫੰਡਿੰਗ ਦੇ ਨਾਲ-ਨਾਲ ਇਹ ਵੀ ਇੱਕ ਮਹੱਤਵਪੂਰਨ ਮੁੱਦਾ ਹੈ ਜੋ ਚੋਣਾਂ ਅਤੇ ਸ਼ਾਸਨ ਦੀ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ। ਐਸਕੇਐਮ ਮੰਗ ਕਰਦੀ ਹੈ ਕਿ ਦਾਨੀਆਂ ਦੀ ਸੂਚੀ ਅਤੇ ਭਾਜਪਾ ਅਤੇ ਹੋਰ ਪਾਰਟੀਆਂ ਨੂੰ ਇਕੱਠੀ ਕੀਤੀ ਰਕਮ ਜਨਤਕ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਤੋਂ ਵਸੂਲੀ ਕੀਤੀ ਜਾਣੀ ਚਾਹੀਦੀ ਹੈ। ਐਸਕੇਐਮ ਦੀ ਅਗਲੀ ਮੀਟਿੰਗ 22 ਫਰਵਰੀ ਨੂੰ ਦੁਪਹਿਰ 2 ਵਜੇ ਹੋਵੇਗੀ ਅਤੇ ਜਨਰਲ ਬਾਡੀ 22 ਫਰਵਰੀ ਨੂੰ ਸਵੇਰੇ 10.30 ਵਜੇ ਨਵੀਂ ਦਿੱਲੀ ਵਿਖੇ ਮੀਟਿੰਗ ਕਰੇਗੀ, ਸਥਿਤੀ ਦਾ ਜਾਇਜ਼ਾ ਲਵੇਗੀ ਅਤੇ ਚੱਲ ਰਹੇ ਸੰਘਰਸ਼ਾਂ ਨੂੰ ਹੋਰ ਤੇਜ਼ ਕਰਨ ਲਈ ਭਵਿੱਖ ਦੀਆਂ ਯੋਜਨਾਵਾਂ ਤੈਅ ਕਰੇਗੀ।

# ਗਰੀਬ ਮਜ਼ਦੂਰ ਵਰਗਾਂ ਉੱਤੇ ਲਗਾਤਾਰ ਹੋ ਰਹੇ ਅੱਤਿਆਚਾਰ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ: ਆਗੂ



ਧੂਰੀ, 18 ਫਰਵਰੀ ( ਰਣਜੀਤ ਸਿੰਘ ਪੇਧਨੀ ) ਐਕਸ਼ਨ ਕਮੇਟੀ ਪੰਜਾਬ ਦੀ ਮੀਟਿੰਗ ਧੂਰੀ ਜ਼ਿਲਾ ਸੰਗਰੂਰ ਵਿਖੇ ਵਿੱਕੀ ਪਰੋਚਾ ਧੂਰੀ ਦੇ ਗ੍ਰਹਿ ਵਿਖੇ ਹੋਈ। ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਸੰਤ ਸਮਾਜ ਅਤੇ ਸਮੂਹ ਹਮਖਿਆਲੀ ਜਥੇਬੰਦੀਆਂ ਵੱਲੋਂ ਹਿੱਸਾ ਲਿਆ ਗਿਆ ।ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ ਇਸ ਵੇਲੇ ਸਮਾਜ ਵਿੱਚ ਕੁਝ ਪ੍ਰਭਾਵਸ਼ਾਲੀ ਸਮੂਹਾਂ ਵੱਲੋਂ ਗਰੀਬ ਮਜ਼ਦੂਰ ਵਰਗਾਂ ਉੱਤੇ ਲਗਾਤਾਰ ਅੱਤਿਆਚਾਰ ਵਿੱਚ ਵੱਡੇ ਪੱਧਰ ਤੇ ਵਾਧਾ ਹੋਇਆ ਹੈ,ਜਿਸ ਕਰਕੇ ਉਕਤ ਵਰਗ ਆਪਣੇ ਆਪ ਨੂੰ ਅਤੀ ਪੀੜਿਤ ਮਹਿਸੂਸ ਕਰ ਰਿਹਾ ਹੈ,ਅਜਿਹੀ ਸਥਿਤੀ ਦਾ ਸਮੂਹਿਕ ਤੌਰ ਤੇ ਮੁਕਾਬਲਾ ਕਰਨ ਲਈ ਇਸ ਜਥੇਬੰਦੀ ਦਾ ਗਠਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਸਮੇਂ ਤੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਅਜਿਹੀ ਮਾੜੀ ਸਥਿਤੀ ਉੱਤੇ ਕਾਬੂ ਨਾ ਪਾਇਆ ਗਿਆ ਤਾਂ ਵੱਡੇ ਪੱਧਰ ਤੇ ਸਮੂਹਿਕ ਤੌਰ ਤੇ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਐਕਸ਼ਨ ਕਮੇਟੀ ਪੰਜਾਬ ਦਾ ਗਠਨ ਕੀਤਾ ਗਿਆ ਜਿਸ ਵਿੱਚ ਬਜ਼ੁਰਗ ਅਤੇ ਸੰਤ ਸਮਾਜ ਦੇ ਨੁਮਾਇੰਦਿਆਂ ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ ਜਿਨਾਂ ਵਿੱਚ ਬਾਬਾ ਨਛੱਤਰ ਦਾਸ ਜੀ ਸ਼ੇਰਗਿਲ ਅੰਮ੍ਰਿਤਸਰ,ਪ੍ਰੋਫੈਸਰ ਹਰਨੇਕ ਸਿੰਘ ਪਟਿਆਲਾ, ਕੈਪਟਨ ਅਮ੍ਰਿਤ ਸਿੰਘ ਮਾਨਸਾ, ਸੇਵਕ ਵਿਜੇ ਸੈਰੀ ਮੋਗਾ,ਸ਼ਾਮ ਲਾਲ ਭੰਗੀ ਫਿਰੋਜ਼ਪੁਰ,ਹਰਭਜਨ ਰਾਮ ਸਾਬਕਾ ਡੀ ਈ ਓ ਜਿਲਾ ਲੁਧਿਆਣਾ, ਡਾਕਟਰ ਦਿਲਜੀਤ ਸਿੰਘ ਚੌਹਾਨ ਬਠਿੰਡਾ, ਪਾਲਾ ਸਿੰਘ ਮਕਤਸਰ, ਹਰਵਿੰਦਰ ਵਾਲੀਆ ਫਤਿਹਗੜ ਸਾਹਿਬ, ਲੈਫਟੀਨੈਂਟ ਦਰਸ਼ਨ ਸਿੰਘ ਧੂਰੀ ਆਦਿ ਨੂੰ ਜ਼ਿੰਮੇਵਾਰੀ ਸੌਂਪੀ ਗਈ ।ਇਸ ਤੋਂ ਇਲਾਵਾ ਨੌਜਵਾਨ ਮੈਂਬਰਾਂ ਨੂੰ ਨਿਯੁਕਤ ਕੀਤਾ ਗਿਆ ਜਿਨਾਂ ਵਿੱਚ ਵਿੱਕੀ ਪਰੋਚਾ ਧੂਰੀ, ਜਗਮੋਹਨ ਚੌਹਾਨ ਪਟਿਆਲਾ, ਬਨੀ ਖੈਰਾ ਨਾਭਾ, ਬਾਬਾ ਜੈਮਲ ਸਿੰਘ ਸੈਰੀ ਅਮ੍ਰਿਤਸਰ, ਸਰਪੰਚ ਦਰਸਨ ਸਿੰਘ ਮੈਣ ਪਟਿਆਲਾ,ਮਨਦੀਪ ਵਾਲੀਆ ਫਤਿਹਗੜ ਸਾਹਿਬ, ਦਿਲਬਾਗ ਸਿੰਘ ਹੁਸੈਨਪੁਰਾ ਫਤਿਹਗੜ ਸਾਹਿਬ, ਡਾਕਟਰ ਪਵਿੱਤਰ ਸਿੰਘ ਮੁਕਤਸਰ, ਸੂਬਾ ਸਿੰਘ ਮੁਕਤਸਰ,ਬਿੰਦਰਪਾਲ ਸਿੰਘ ਬਠਿੰਡਾ, ਸੁਨੀਲ ਬਿਡਲਾਨ ਪਟਿਆਲਾ, ਗੰਮੀ ਕਲਿਆਣ ਭਵਾਨੀਗੜ,ਮਾਸਟਰ ਜਰਨੈਲ ਸਿੰਘ ਸਹੋਤਾ ਫਤਿਹਗੜ ਸਾਹਿਬ, ਮਾਸਟਰ ਲਛਮਣ ਸਿੰਘ ਸਹੋਤਾ ਬਰਨਾਲਾ, ਇੰਜੀਨੀਅਰ ਗੁਰਬਖਸ਼ ਸਿੰਘ ਸੇ.ਰਗਿੱਲ ਅਮ੍ਰਿਤਸਰ, ਹਰਬੰਸ ਸਾਗਰ ਮੋਗਾ, ਸੰਦੀਪ ਕੁਮਾਰ ਮਾਲੇਰਕੋਟਲਾ ਆਦਿ ਨੂੰ ਐਕਸ਼ਨ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ ।ਇਹ ਵੀ ਫੈਸਲਾ ਕੀਤਾ ਗਿਆ ਹੈ ਛੇਤੀ ਹੀ ਜ਼ਿਲ੍ਹਾ ਪੱਧਰ ਅਤੇ ਪਿੰਡ ਪੱਧਰ ਤੇ ਇਕਾਈਆਂ ਦਾ ਗਠਨ ਕੀਤਾ ਜਾਵੇਗਾ। ਇਸ ਮੌਕੇ ਤੇ ਪੰਜਾਬ ਦੇ ਪ੍ਰਮੁੱਖ ਵਿਅਕਤੀਆਂ,ਨੌਜਵਾਨ ਅਤੇ ਇਸਤਰੀ ਵਰਗ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਗਿਆ।

# ਸਾਮੂਹਿਕ ਵਿਆਹ ਮੇਲਾਵਾ ਮਈ 2024 ਵਿੱਚ ਹੋਵੇਗਾ-ਡਾ. ਵਿਜੇ ਸਤਬੀਰ ਸਿੰਘ



ਚੌਕ ਮਹਿਤਾ18 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ ) ਗੁਰਦੁਆਰਾ ਬੋਰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ.ਵਿਜੇ ਸਤਬੀਰ ਸਿੰਘ ਜੀ ਸਾਬਕਾ ਆਈ.ਏ.ਐਸ. ਨੇ ਅੱਜ ਏਥੇ ਗੁਰਦੁਆਰਾ ਸੰਗਤ ਸਾਹਿਬ ਦੇ ਸਾਲਾਨਾ ਚੌਕੀ ਜੋੜਮੇਲਾ ਦੇ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ।ਇਸ ਮੌਕੇ ਉਨ੍ਹਾਂ ਨੇ ਜਿਥੇ ਵੱਡੀ ਗਿਣਤੀ ਵਿੱਚ ਹਾਜ਼ਰੀਨ ਸੰਗਤਾਂ ਨੂੰ ਪਾਵਨ ਦਿਹਾੜੇ 'ਤੇ ਵਧਾਈਆਂ ਦਿੱਤੀਆਂ, ਉਥੇ ਨਾਲ ਹੀ ਉਨ੍ਹਾਂ ਦੱਸਿਆ ਕਿ ਤਖ਼ਤ ਸੱਚਖੰਡ ਸਾਹਿਬ ਦੇ ਮਾਨਯੋਗ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ ਜੀ, ਸਮੂੰਹ ਪੰਜ ਪਿਆਰੇ ਸਾਹਿਬਾਨ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸੰਗਤਾਂ ਦੀ ਮੰਗ ਅਨੁਸਾਰ ਇਹ ਫੈਸਲਾ ਲਿਆ ਗਿਆ ਹੈ ਕਿ ਪਹਿਲਾਂ ਵਾਂਗ ਹੀ ਮਈ 2024 ਵਿੱਚ ਸਮੂਹਿਕ ਵਿਆਹ ਮੇਲਾਵਾ ਗੁਰਦੁਆਰਾ ਬੋਰਡ ਵਲੋਂ ਆਯੋਜਿਤ ਕੀਤਾ ਜਾਵੇਗਾ । ਇਹ ਸਮੂਹਿਕ ਵਿਆਹ ਮੇਲਾਵਾ 11-12 ਮਈ ਨੂੰ ਹੋਣ ਦਾ ਐਲਾਨ ਕੀਤਾ । ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਗੁਰਸਿਖ ਪਰਿਵਾਰਾਂ ਨੇ ਆਪਣੇ ਬੱਚੇ ਬੱਚੀਆਂ ਦੇ ਵਿਆਹ ਕਾਰਜ ਕਰਨੇ ਹਨ, ਉਹ ਗੁਰਦੁਆਰਾ ਸੱਚਖੰਡ ਬੋਰਡ ਦੇ ਧਰਮ ਪ੍ਰਚਾਰ/ਮੇਲਾਵਾ ਦਫਤਰ ਵਿੱਚ ਨਾਮ ਦਰਜ਼ ਕਰਵਾ ਸਕਦੇ ਹਨ ਜਾਣਕਾਰੀ ਦਿੰਦਿਆ ਸ੍ਰ ਠਾਨ ਸਿੰਘ ਬੁੰਗਈ ਸੁਪਰਡੈਂਟ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਗੁਰਦੁਆਰਾ ਬੋਰਡ ਵਲੋਂ ਸਾਲ ਵਿੱਚ ਦੋ ਵਾਰ ਮਈ ਅਤੇ ਦਸੰਬਰ ਵਿੱਚ ਸਾਮੂਹਿਕ ਵਿਆਹ ਮੇਲੇ ਦਾ ਆਯੋਜਨ ਹੁੰਦਾ ਆ ਰਿਹਾ ਹੈ । ਇਸ ਸਮੇਂ ਲੰਗਰ ਪਾਣੀ, ਟੈਂਟ ਆਦਿ ਸਮੁੱਚਾ ਸਾਰਾ ਪ੍ਰਬੰਧ ਗੁਰਦੁਆਰਾ ਬੋਰਡ ਵਲੋਂ ਕੀਤਾ ਜਾਂਦਾ ਹੈ ਆਪਣੀ ਇਸ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਫੇਰੀ ਦੌਰਾਨ ਡਾ. ਵਿਜੇ ਸਤਬੀਰ ਸਿੰਘ ਜੀ ਨੇ ਇਹ ਵੀ ਕਿਹਾ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਸਰਬਪੱਖੀ ਵਿਕਾਸ, ਹਜ਼ੂਰੀ ਨੌਜਵਾਨ ਪੀੜ੍ਹੀ ਨੂੰ ਉੱਚ ਵਿਦਿਆ ਮੁਹੱਈਆ ਕਰਵਾਉਣ ਲਈ ਯੋਗ ਸਕਾਲਰਸ਼ਿਪ ਦੇਣ ਅਤੇ ਦੂਰ ਦੁਰੇਡੇ ਤੋਂ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਨੂੰ ਉੱਤਮ ਰਿਹਾਇਸ਼, ਲੰਗਰ ਪਾਣੀ ਆਦਿ ਦੀ ਹੋਰ ਬੇਹਤਰ ਸੁਵਿਧਾ ਦੇਣ ਲਈ ਅਸੀਂ ਹਮੇਸ਼ਾਂ ਵਚਨਬੱਧ ਹਾਂ। ਕਿਉਂਕਿ ਸੰਗਤ ਦੀ ਸੇਵਾ ਹੀ ਗੁਰੂ ਦੀ ਸੇਵਾ ਹੈ । ਇਸ ਮੌਕੇ ਸ੍ਰ: ਜਸਵੰਤ ਸਿੰਘ ਬੌਬੀ ਦਿੱਲੀ ਅਤੇ ਹੋਰ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਦਾ ਸਲਾਨਾ ਨਗਰ ਕੀਰਤਨ ਚੜ੍ਹਦੀਕਲਾ ਨਾਲ ਹੋਇਆ ਸੰਪੂਰਨ













ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243